# ਮਲਵਈ ਖੇਤਰ ਵਿਚ ਬਿਸ਼ਨੋਈ ਸਮਾਜ ਦਾ ਸਭਿਆਚਾਰਕ ਅਧਿਐਨ

ਚੰਦਰ 'ਅਦੀਬ' (ਖੋਜਾਰਥੀ )
ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਸਭਿਆਚਾਰ ਕਿਸੇ ਵੀ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਮੇਂ ਦੇ ਵਹਾਅ ਨਾਲ ਸਥਿਤੀਆਂ, ਪ੍ਰਸਥਿਤੀਆਂ ਮੁਤਾਬਕ ਇਸ ਵਿਚ ਬਦਲਾਉ, ਰੁਪਾਂਤਰਣ ਤੇ ਵਿਕਾਸ ਦੀਆਂ ਸੰਭਾਵਨਾਵਾਂ ਬਰਕਰਾਰ ਰਹਿੰਦੀਆਂ ਹਨ। ਇਸ ਸਮੁੱਚੇ ਵਰਤਾਰੇ ਨੂੰ ਮਨੁੱਖ ਸਮਾਜਕ ਪ੍ਰਾਣੀ ਹੋਣ ਕਰਕੇ ਸਹਿਜੇ ਹੀ ਗ੍ਰਹਿਣ ਕਰਦਾ ਰਹਿੰਦਾ ਹੈ। ਇਹ ਲੋਕ ਸਮੂਹ ਦੁਆਰਾ ਸਿਰਜੀ ਗਈ ਜੀਵਨ-ਵਿਉਂਤ ਦਾ ਨਾਂ ਹੈ। ਪੰਜਾਬ ਦੀ ਧਰਤੀ ਤੇ ਵੱਖ-ਵੱਖ ਸਮੇਂ ਮੰਗੋਲ, ਯੂਨਾਨੀ, ਪਠਾਣ, ਅੰਗਰੇਜ ਆਦਿ ਆਉਂਦੇ ਰਹੇ ਤੇ ਪੰਜਾਬ ਇਹਨਾਂ ਦਾ ਪ੍ਰਭਾਵ ਕਬੂਲਦਾ ਰਿਹਾ। ਪੰਜਾਬ ਵਿਚਲਾ ਮਾਲਵਾ ਖੇਤਰ ਵੀ ਇਸ ਤੋਂ ਅਛੂਤਾ ਨਹੀ ਰਿਹਾ। ਮਾਲਵਾ ਖੇਤਰ ਵਿਚ ਮਿਸਰਤ ਸਭਿਆਚਾਰ ਦੇ ਅੰਸ ਹਨ। ਇਸ ਮਿਸਰਤ ਸਭਿਆਚਾਰ ਵਿਚ ਬਿਸ਼ਨੋਈ ਸਮਾਜ ਦੀ ਵੀ ਆਪਣੀ ਪਛਾਣ ਹੈ। ਜਿੰਨ੍ਹਾਂ ਦਾ ਅਧਿਕਤਰ ਵਸੇਵਾ ਅਬੋਹਰ ਦੇ ਆਸ-ਪਾਸ ਹੈ। ਇਥੇ ਬਿਸ਼ਨੋਈ ਸਮਾਜ ਦੇ ਸਭਿਆਚਾਰ ਨੰ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

15ਵੀਂ ਸਦੀ ਦਾ ਭਾਰਤੀ ਇਤਿਹਾਸ ਆਪਣਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਸਮੇਂ ਦੇਸ ਦੇ ਅਨੇਕ ਭਾਗਾਂ ਵਿਚ ਉਥਲ-ਪੁਥਲ ਮੱਚੀ ਹੋਈ ਸੀ। ਦੇਸ਼ ਦੇ ਵੱਖਰੇ-ਵੱਖਰੇ ਭਾਗਾਂ ਵਿਚ ਸੰਤ-ਮਹਾਪੁਰਖਾਂ ਨੇ ਆਪਣਾ ਯੋਗਦਾਨ ਪਾਉਂਦੇ ਹੋਏ, ਸਮਾਜ ਨੂੰ ਸੋਝੀ ਦਿੰਦੇ ਹੋਏ ਆਪਣਾ ਵਿਸ਼ੇਸ਼ ਕਾਰਜ ਆਰੰਭਿਆ। ਇਸ ਸਦੀ ਵਿਚ ਭਾਰਤ ਦਾ ਮਹੱਤਵਪੂਰਨ ਰੇਗਿਸਤਾਨ ਪ੍ਰਦੇਸ਼ ਰਾਜਸਥਾਨ ਵੀ ਅਛੂਤਾ ਨਾ ਰਿਹਾ। "*ਇਸ ਪ੍ਰਦੇਸ਼ ਵਿਚ ਸੰਤ ਮਹਾਪੁਰਖ* ਜੰਬੇਸ਼ਵਰ ਜੀ *ਨੇ ਅਵਤਾਰ ਧਾਰਿਆ ਤੇ ਬਿਸ਼ਨੋਈ ਸਮਾਜ ਦੀ ਸਥਾਪਨਾ ਕੀਤੀ।*"[1]

ਗੁਰੂ ਜੰਬੇਸ਼ਵਰ ਜੀ ਨੇ 'ਬਿਸ਼ਨੋਈ ਸਮਾਜ' ਦੀ ਉਤਪਤੀ ਸਮੇਂ 29 ਨਿਯਮਾਂ ਨੂੰ ਆਧਾਰ ਸੂਤਰ ਬਣਾਉਂਦੇ ਹੋਏ ਸਭ ਤੋਂ ਪਹਿਲਾਂ 'ਪਾਹਲ' (ਅੰਮ੍ਰਿਤ) ਤਿਆਰ ਕੀਤਾ ਤੇ 29 ਨਿਯਮਾਂ ਉਪਰ ਚੱਲਣ ਵਾਲੇ ਮਨੁੱਖ ਨੂੰ 'ਬਿਸ਼ਨੋਈ ਸਮਾਜ' 'ਚ ਸ਼ਾਮਲ ਕੀਤਾ। 'ਪਾਹਲ' ਗ੍ਰਹਿਣ ਕਰਨ ਦੀ ਇਹ ਪ੍ਰਕ੍ਰਿਆ ਅਸ਼ਟਮੀ ਤੋਂ ਮੱਸਿਆ ਤਕ ਚਲਦੀ ਰਹੀ। ਇਸ ਵਿਚ ਬਿਨਾਂ ਕਿਸੇ ਭੇਦ-ਭਾਵ ਦੇ 29 ਨਿਯਮਾਂ ਤੇ ਚੱਲਣ ਵਾਲੇ ਨੂੰ ਸ਼ਾਮਲ ਕੀਤਾ। 29 ਨਿਯਮਾਂ ਦੀ ਪਾਲਣਾ ਕਰਕੇ ਇਸ ਪੰਥ ਨੂੰ 'ਬਿਸ਼ਨੋਈ' (ਬੀਸ ਔਰ ਨੌਂ : ਬਿਸ਼ਨੋਈ) ਕਿਹਾ ਜਾਂਦਾ ਹੈ। ਇਸ ਤਰ੍ਹਾਂ ਕੁਝ ਵਿਚਾਰਕ ਵਿਸਨੂੰ ਦਾ ਭਗਤ ਹੋਣ ਕਰਕੇ ਇਸ ਨੂੰ 'ਬਿਸ਼ਨੋਈ', 'ਵਿਸਨੋਈ', 'ਵੈਸਨਵ' ਆਦਿ ਨਾਲ ਜੋੜਦੇ ਹਨ। ਵਿਸ਼ਨੂੰ ਉਪਾਸਕ ਹੋਣ ਕਾਰਨ ਵੀ ਇਹਨਾਂ ਨੂੰ 'ਬਿਸ਼ਨੋਈ' ਕਿਹਾ ਜਾਂਦਾ ਹੈ। ਵੱਖ-ਵੱਖ ਵਿਦਵਾਨਾਂ ਦੇ ਮਤਾਂ ਨਾਲ ਸੰਬਾਦ ਰਚਾਉਂਦੀ ਹੋਈ ਸਵਰਨਜੀਤ ਕੌਰ ਗਰੇਵਾਲ ਲਿਖਦੀ ਹੈ:

*ਡਾ. ਹੀਰਾ ਲਾਲ ਮਹੇਸ਼ਵਰੀ ਨੇ ਜੰਭਾ ਜੀ ਦੁਆਰਾ ਵਿਸ਼ਨੂੰ ਭਗਵਾਨ ਦੀ ਉਪਾਸਨਾ ਤੇ ਬਲ ਦਿੱਤੇ ਜਾਣ ਕਾਰਨ ਇਸ ਸੰਪਰਦਾਇ ਦਾ ਨਾਂ 'ਬਿਸ਼ਨੋਈ' ਦੱਸਿਆ ਹੈ। ਆਚਾਰੀਆਂ ਪਰਸੁਰਾਮ ਚਤੁਰਵੇਦੀ ਅਨੁਸਾਰ 'ਜੇ ਬਿਸ਼ਨੋਈ ਸੰਪਰਦਾਇ', 'ਵੈਸ਼ਨਵ ਸੰਪਰਦਾਇ' ਦਾ ਸਮਾਨ ਅਰਥੀ ਨਾ ਵੀ ਰਿਹਾ ਹੋਵੇ ਤੇ 'ਬਿਸ਼ਨੋਈ' ਸ਼ਬਦ ਦਾ ਅਰਥ, ਉਸ ਦੇ ਆਪਣੇ 29 ਨਿਯਮਾਂ ਦੇ ਆਧਾਰ 'ਤੇ ਵੀਹ ਤੇ ਨੌਂ ਦੀ ਬਣੀ ਸੰਖਿਆ ਵੱਲ ਸੰਕੇਤ ਕਰਦਾ ਹੋਵੇ ਤਾਂ ਹਲਾਤ ਵਿਚ ਸਾਨੂੰ ਇਥੇ ਵਿਸ਼ਨੂੰ ਦਾ ਪ੍ਰਯੋਗ ਨਿਰਾਰਥਕ ਨਹੀਂ ਭਾਸਦਾ।*

ਇਹ ਨਿਯਮ ਲਗਭਗ ਹਰੇਕ ਬਿਸ਼ਨੋਈ ਧਰਮ ਨਾਲ ਸੰਬੰਧਤ ਸੰਸਥਾ, ਮੰਦਰ ਵਿਚ ਲਿਖੇ ਹੋਏ ਮਿਲਦੇ ਹਨ:

**ਨਿਯਮ**

1. ਤੀਹ ਦਿਨ ਤੱਕ ਸੂਤਕ ਰੱਖਣਾ।
2. ਪੰਜ ਦਿਨ ਮਾਸਿਕ ਧਰਮ ਸਮੇਂ ਇਸਤਰੀ ਦਾ ਘਰੇਲੂ ਕਾਰਜਾਂ ਤੋਂ ਦੂਰ ਰਹਿਣਾ।
3. ਸਵੇਰੇ ਇਸ਼ਨਾਨ ਕਰਨਾ।
4. ਅੰਦਰੂਨੀ-ਬਾਹਰੀ ਪਵਿੱਤਰਤਾ ਬਣਾਈ ਰੱਖਣੀ।
5. ਸਵੇਰ-ਸ਼ਾਮ ਦੋ ਵਾਰ ਸੰਧਿਆ ਕਰਨੀ।
6. ਸ਼ਾਮ ਨੂੰ ਆਰਤੀ ਕਰਨਾ।
7. ਸਵੇਰੇ ਹਵਨ ਕਰਨਾ।
8. ਪਾਣੀ, ਦੁੱਧ, ਈਂਧਣ (ਤੇਲ) ਦਾ ਛਾਣ ਕੇ ਪ੍ਰਯੋਗ ਕਰਨਾ।
9. ਬਾਣੀ ਸੋਚ ਵਿਚਾਰ ਕੇ ਸ਼ੁੱਧ ਬੋਲਣਾ।
10. ਖ਼ਿਮਾ (ਸਹਿਣਸ਼ੀਲਤਾ) ਰੱਖਣਾ।
11. ਦਯਾ, ਨਿਮਰਤਾ ਭਾਵ ਰੱਖਣਾ।
12. ਚੋਰੀ ਨਹੀਂ ਕਰਨੀ।
13. ਨਿੰਦਾ ਨਹੀਂ ਕਰਨੀ।
14. ਝੂਠ ਨਹੀਂ ਬੋਲਣਾ।
15. ਵਾਦ-ਵਿਵਾਦ ਨਹੀਂ ਕਰਨਾ।
16. ਮੱਸਿਆ ਸਮੇਂ ਵਰਤ ਰੱਖਣਾ।
17. ਵਿਸ਼ਨੂੰ ਦਾ ਭਜਨ ਕਰਨਾ।
18. ਜੀਵਾਂ ਤੇ ਦਇਆ ਕਰਨੀ।
19. ਹਰੇ ਦਰੱਖਤ ਨਹੀਂ ਕੱਟਣਾ।
20. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਵਸ 'ਚ ਰੱਖਣਾ।
21. ਰਸੋਈ ਆਪਣੇ ਹੱਥ ਨਾਲ ਬਣਾਉਣਾ।
22. ਥਾਟ ਅਮਰ ਰੱਖਣਾ (ਭੇਡ ਬੱਕਰੀਆ ਲਈ ਵਾਅੜੇ ਦਾ ਨਿਰਮਾਣ ਕਰਨਾ।)
23. ਬਲਦ ਨਿਪੁੰਸਕ ਨਹੀਂ ਕਰਨਾ।
24. ਅਮਲ (ਨਸ਼ਾ) ਨਹੀਂ ਖਾਣਾ।
25. ਤਮਾਕੂ ਨਹੀਂ ਖਾਣਾ-ਪੀਣਾ।
26. ਭੰਗ ਨਹੀਂ ਪੀਣੀ।
27. ਸ਼ਰਾਬ ਨਹੀਂ ਪੀਣੀ।

28. ਮਾਸ ਨਹੀਂ ਖਾਣਾ।
29. ਨੀਲੇ ਕੱਪੜੇ ਨਹੀਂ ਪਾਉਣੇ।

ਜੇਕਰ ਇਹਨਾਂ 29 ਨਿਯਮਾਂ ਨੂੰ ਧਿਆਨ ਨਾਲ ਦੇਖਿਆ ਪਰਖਿਆ ਜਾਵੇ ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਹਨਾਂ ਵਿਚ 15 ਨਿਯਮ ਵਿਧੀ ਸੂਚਕ ਹਨ ਤੇ 14 ਨਿਯਮਾਂ ਨੂੰ ਵਰਜਣਾਵਾ ਤਹਿਤ ਰੱਖਿਆ ਜਾ ਸਕਦਾ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਬਿਸ਼ਨੋਈ ਸਮਾਜ ਦੇ ਉਪਰੋਕਤ ਉਨੱਤੀ ਨਿਯਮ ਜਿਥੇ ਮਨੁੱਖ ਵਿਚ ਚੰਗੇ ਗੁਣਾਂ ਦਾ ਸੰਚਾਰ ਕਰਦੇ ਹਨ ਉਥੇ ਪ੍ਰਕਿਰਤਕ ਵਾਤਾਵਰਨ ਪ੍ਰਕਿਰਤਕ ਜੀਵ ਅਤੇ ਪ੍ਰਕਿਰਤਕ ਬਨਾਸਪਤੀ ਦੀ ਰੱਖਿਆ ਉਤੇ ਵੀ ਬਲ ਦਿੰਦੇ ਹਨ। ਔਰਤ ਜਾਤ ਦੀ ਜਣਨੀ ਪ੍ਰਕਿਰਤੀ ਨੂੰ ਧਿਆਨ ਵਿਚ ਰਖਦੇ ਹੋਏ ਉਸ ਲਈ ਵਿਸ਼ੇਸ਼ ਦਿਨਾਂ ਵਿਚ ਆਰਾਮ ਤੇ ਖੁਰਾਕ ਉਤੇ ਵੀ ਜ਼ੋਰ ਦਿਤਾ ਹੈ। ਇਹ ਉੱਨਤੀ ਨਿਯਮ ਵਾਸਤਵਿਕ ਰੂਪ ਵਿਚ ਮਨੁੱਖ ਤੇ ਪ੍ਰਕਿਰਤੀ ਵਿਚ ਸਹਿਜ ਤੇ ਸੁਹਜਮਈ ਸੰਤੁਲਨ ਪੈਦਾ ਕਰਨ ਵਿਚ ਆਪਣੀ ਸਾਰਥਕ ਭੂਮਿਕਾ ਨਿਭਾਉਂਦੇ ਹਨ।

**ਪੰਜਾਬ ਵਿਚ ਬਿਸ਼ਨੋਈ** :ਆਜ਼ਾਦੀ ਤੋਂ ਪਹਿਲਾਂ ਬਿਸ਼ਨੋਈ ਲੋਕ ਸਮੁੱਚੇ ਪੰਜਾਬ ਵਿਚ *176 ਪਿੰਡਾਂ*[8] ਵਿਚ ਰਹਿੰਦੇ ਸਨ। ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ :

| | | |
|---|---|---|
| ਫ਼ਿਰੋਜ਼ਪੁਰ ਜ਼ਿਲ੍ਹੇ ਵਿਚ | : | 16 |
| ਬਹਾਵਲਪੁਰ ਵਿਚ | : | 25 |
| ਲਾਇਲਪੁਰ ਵਿਚ | : | 04 |
| ਸਰਗੋਦਾ ਵਿਚ | : | 01 |
| ਹਿਸਾਰ ਵਿਚ | : | 130 |
| ਕੁਲ | : | 176 |

ਲੇਕਿਨ ਆਜ਼ਾਦੀ ਤੋਂ ਬਾਅਦ ਇਨ੍ਹਾਂ ਵਿਚੋਂ ਕੁਝ ਖੇਤਰ ਪਾਕਿਸਤਾਨ ਵਿਚ ਚਲਿਆ ਗਿਆ ਅਤੇ ਆਜ਼ਾਦੀ ਤੋਂ ਪਿਛੋਂ ਪੰਜਾਬ ਬਟਵਾਰੇ ਦੌਰਾਨ ਕੁਝ ਇਲਾਕਾ ਹਰਿਆਣਾ ਅਤੇ ਰਾਜਸਥਾਨ ਪ੍ਰਾਂਤ ਵਿਚ ਵੀ ਚਲਾ ਗਿਆ। ਪਰ ਫ਼ਿਰੋਜ਼ਪੁਰ ਜ਼ਿਲ੍ਹੇ ਦੇ 16 ਮਹੱਤਵਪੂਰਨ ਪਿੰਡ (ਬਿਸ਼ਨੋਈ ਬਹੁਗਿਣਤੀ) ਮੌਜੂਦਾ ਸਮੇਂ ਵੀ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਹੀ ਹਨ। **ਪੰਜਾਬ ਵਿਚ ਬਿਸ਼ਨੋਈ**

| **ਸ਼ਹਿਰਾਂ ਵਿਚ** | **ਪਿੰਡਾਂ ਵਿਚ ਬਿਸ਼ਨੋਈ** | |
|---|---|---|
| 1. ਅਬੋਹਰ<br>2. ਮਲੋਟ | **ਅਬੋਹਰ ਤਹਿਸੀਲ ਦੇ ਪਿੰਡ** | **ਅਬੋਹਰ ਤਹਿਸੀਲ ਤੋਂ ਬਾਹਰ ਦੇ ਪਿੰਡ** |

| | | | |
|---|---|---|---|
| 3. ਲੁਧਿਆਣਾ<br>4. ਚੰਡੀਗੜ੍ਹ | 1. ਰਾਏਪੁਰਾ<br>2. ਰਾਜਾਂ ਵਾਲੀ<br>3. ਦੁਤਾਰਾਂ ਵਾਲੀ<br>4. ਸਰਦਾਰਪੁਰਾ<br>5. ਸੁਖਚੈਨ<br>6. ਖੈਰਪੁਰ<br>7. ਮਹਿਰਾਣਾ (ਮਹਿਰਾਜਪੁਰ)<br>8. ਸੀਤੋ ਗੁਨੋ<br>9. ਬਿਸ਼ਨੁਪਰਾ<br>10. ਹਿੰਮਤਪੁਰਾ<br>11. ਨਰਾਇਣਪੁਰਾ<br>12. ਰਾਮਪੁਰਾ<br>13. ਬਜੀਤਪੁਰ ਭੋਮਾ<br>14. ਹਰੀਪੁਰਾ<br>15. ਪੰਨੀ ਵਾਲਾ ਮਾਹਲਾ | 16. ਗੁੰਮਜਾਲ<br>17. ਢਾਬਾਂ ਕੌਕਰੀਆਂ<br>18. ਰਾਮਸਰਾ<br>19. ਬਹਾਦਰ ਖੇੜਾ<br>20. ਮੋਢੀ ਖੇੜਾ<br>21. ਭਾਗਸਰ<br>22. ਦੀਵਾਨ ਖੇੜਾ<br>23. ਦੋਦੇ ਵਾਲਾ<br>24. ਝੁਰੜ ਖੇੜਾ<br>25. ਦਲਮੀਰ ਖੇੜਾ<br>26. ਪੰਜਾਵਾਂ<br>27. ਪੰਜਕੋਸੀ<br>28. ਖੁੱਬਣ<br>29. ਧਰਾਂਗਵਾਲਾ | 1. ਕੰਦੂ ਖੇੜਾ<br>2. ਤਰਮਾਲਾ<br>3. ਖੂਈ ਖੇੜਾ<br>4. ਖੇਮਾ ਖੇੜਾ |

**ਬਿਸ਼ਨੋਈ ਜੀਵਨ ਢੰਗ (ਅਬੋਹਰ ਤਹਿਸੀਲ ਦੇ ਸੰਦਰਭ ਵਿਚ)** : ਬਿਸ਼ਨੋਈ ਸਮਾਜ ਦੇ ਲੋਕਾਂ ਦਾ ਜੀਵਨ ਢੰਗ 'ਅਬੋਹਰ ਤਹਿਸੀਲ ਦੇ ਸੰਦਰਭ' ਵਿਚ ਹੇਠ ਲਿਖੇ ਪੱਖਾਂ ਨੂੰ ਧਿਆਨ 'ਚ ਰੱਖ ਕੇ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ।

**ਸਮਾਜਿਕ ਜੀਵਨ** : ਬਿਸ਼ਨੋਈ ਸਮਾਜ ਦੇ ਲੋਕਾਂ ਦੇ ਜੀਵਨ-ਢੰਗ ਨੂੰ ਹੇਠ ਲਿਖੇ ਪੱਖਾਂ ਰਾਹੀਂ ਨਿਰਧਾਰਤ ਕੀਤਾ ਜਾ ਸਕਦਾ ਹੈ :

**(ੳ) ਰਹਿਣ-ਸਹਿਣ**: ਅਬੋਹਰ ਤਹਿਸੀਲ ਦੇ ਬਿਸ਼ਨੋਈ ਅਬੋਹਰ ਸ਼ਹਿਰ ਤੋਂ ਬਿਨਾਂ ਪਿੰਡਾਂ, ਢਾਣੀਆਂ ਵਿਚ ਰਹਿੰਦੇ ਹਨ। ਰਹਿਣ-ਸਹਿਣ ਲਈ ਖੁੱਲ੍ਹੇ ਪੱਕੇ ਮਕਾਨ ਹਨ। ਕੋਈ ਵਿਰਲਾ-ਵਾਝਾਂ ਹੀ ਕੱਚੇ ਘਰ ਵਿਚ ਰਹਿੰਦਾ ਹੈ। ਪਿੰਡਾਂ ਵਿਚ ਬਣੇ ਬਿਸਨੋਈ ਘਰ ਖੁੱਲ੍ਹੇ, ਹਵਾਦਾਰ ਤੇ ਵੱਡੇ ਦਰਵਾਜਿਆਂ ਵਾਲੇ ਹਨ। ਢਾਣੀਆਂ ਵਿਚ ਵੀ ਇਸ ਤਰ੍ਹਾਂ ਦੇ ਮਕਾਨ ਹਨ ਪਰ ਉਹਨਾਂ ਦੇ ਦਰਵਾਜੇ ਪਿੰਡਾਂ ਦੇ ਘਰਾਂ ਵਾਂਗ ਵੱਡੇ ਘੱਟ ਹਨ। ਪਸ਼ੂਆਂ ਲਈ ਅਲੱਗ ਤੋਂ ਜਗ੍ਹਾਂ ਬਣਾਈ ਜਾਂਦੀ ਹੈ। ਲਗਭਗ ਹਰੇਕ ਘਰ ਵਿਚ ਇਕ ਬਰਾਡਾਂ, ਬੈਠਕ ਤੇ ਜਿਨਸ ਰੱਖਣ ਲਈ ਜਗ੍ਹਾਂ ਹੈ। ਜ਼ਿਆਦਾਤਾਰ ਬਜ਼ੁਰਗਾਂ ਦੀ ਹੋਂਦ ਵਿੱਚ ਸਾਂਝਾ ਪਰਿਵਾਰ ਪ੍ਰਣਾਲੀ ਹੀ ਸਥਾਪਿਤ ਹੈ

**(ਅ) ਖਾਣ-ਪੀਣ** : ਬਿਸ਼ਨੋਈ ਲੋਕ ਸ਼ੁੱਧ ਸਾਕਾਹਾਰੀ ਭੋਜਨ ਖਾਂਦੇ ਹਨ। ਖਾਣ ਦੀਆਂ ਵਸਤਾਂ ਨੂੰ ਢੱਕ ਕੇ ਰੱਖਣਾ, ਪੀਣ ਦੀਆਂ ਵਸਤਾਂ ਨੂੰ ਛਾਣ ਕੇ ਪੀਣਾ ਇਹਨਾਂ ਦੇ ਨਿਯਮ ਮੁਤਾਬਿਕ ਢੁੱਕਵਾ ਹੈ। ਖਾਣ-ਪੀਣ ਦੀਆਂ ਵਸਤਾਂ ਵਿਚ ਦੁੱਧ, ਲੱਸੀ (ਖਾਟੋ), ਘਿਉ, ਕੜ੍ਹੀ, ਸੀਰਾ (ਹਲਵਾ), ਚੂਰਮਾਂ (ਚੂਰੀ) ਆਦਿ ਪ੍ਰਮੁੱਖ ਹਨ। ਕੜ੍ਹੀ ਤੇ ਸੀਰਾ ਇਹਨਾਂ ਦੀਆਂ ਮਨਪਸੰਦ ਖਾਣ ਦੀਆਂ ਵਸਤਾਂ ਹਨ। ਮੌਜੂਦਾ ਸਮੇਂ

ਦੇ ਦੌਰ ਵਿਚ ਕੁਝ ਬਿਸ਼ਨੋਈ ਲੋਕ, ਖ਼ਾਸ ਕਰਕੇ ਨੌਜਵਾਨਾਂ ਵਿਚ ਖਾਣਾ-ਪੀਣਾ ਬਦਲਦਾ ਜਾ ਰਿਹਾ ਹੈ। ਨਸਿਆਂ ਦੇ ਰੁਝਾਨ ਵੱਲ ਵਧਦੇ ਜਾ ਰਹੇ ਹਨ। ਜੋ ਕਿ ਬਿਸ਼ਨੋਈ ਨਿਯਮਾਂ ਤੇ ਜੀਵਨ-ਢੰਗ ਦੇ ਉਲਟ ਹੈ।

**(ੲ) ਮਹਿਮਾਨ ਨਿਵਾਜੀ** : ਮਹਿਮਾਨ-ਨਿਵਾਜੀ ਕਿਸੇ ਵੀ ਸਮਾਜ-ਸਭਿਆਚਾਰ ਦਾ ਕੇਂਦਰੀ ਪਹਿਚਾਣ-ਚਿੰਨ੍ਹ ਹੁੰਦੀ ਹੈ। ਬਿਸ਼ਨੋਈ ਸਮਾਜ ਦੇ ਲੋਕ ਵੀ ਮਹਿਮਾਨ-ਨਿਵਾਜੀ ਪੱਖੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ। ਘਰੇ ਆਏ ਪ੍ਰਾਹੁਣੇ ਰਿਸ਼ਤੇਦਾਰ, ਮਿੱਤਰ ਆਦਿ ਦੀ ਸੇਵਾ ਕਰਨਾ ਇਹ ਆਪਣਾ ਕਰਤੱਵ ਸਮਝਦੇ ਹਨ। ਆਏ ਗਏ ਦੇ ਸੁਆਗਤ ਵਜੋਂ ਕੜੀ ਤੇ ਸੀਰਾ (ਹਲਵਾ) ਜ਼ਰੂਰ ਪਰੋਸੇ ਜਾਂਦੇ ਹਨ। ਮਿੱਠੇ ਵਜੋਂ ਚੂਰੀ ਵੀ ਬਣਾ ਲਈ ਜਾਂਦੀ ਹੈ। ਚਾਹ ਦੀ ਜਗਾਂ ਦੁੱਧ ਅਤੇ ਖਾਟੋ (ਲੱਸੀ) ਦਾ ਵੀ ਪ੍ਰਯੋਗ ਹੁੰਦਾ ਹੈ। ਆਏ ਗਏ ਨੂੰ ਮੰਜੇ ਉਤੇ ਸਲੀਕੇ ਨਾਲ ਬਿਠਾ ਕੇ ਚੰਗੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਭੋਜਨ ਛਕਾਇਆ ਜਾਂਦਾ ਹੈ।

**(ਸ) ਸਤਿਕਾਰਤਾ/ਮਿਲਵਰਤਨ** : ਬਿਸ਼ਨੋਈ ਲੋਕਾਂ ਵਿਚ ਸਤਿਕਾਰਤਾ ਤੇ ਮਿਲਵਰਤਨ ਦੀ ਭਾਵਨਾ ਦੇਖਣ ਨੂੰ ਮਿਲਦੀ ਹੈ। ਅਬੋਹਰ ਵਿਚ ਹਰੇਕ ਧਰਮ-ਜਾਤਾਂ ਦੇ ਲੋਕਾਂ ਦੇ ਵੱਸੇ ਹੋਣ ਕਾਰਨ ਇਹਨਾਂ ਦੇ ਉਹਨਾਂ ਨਾਲ ਚੰਗੇ ਸੰਬੰਧ ਹਨ। ਇਥੋਂ ਤੱਕ ਕਿ ਕੁਝ ਸਰਦਾਰ ਸਿੱਖ ਪਰਿਵਾਰਾਂ ਨਾਲ ਇਹਨਾਂ ਦੇ ਧਰਮੇਲੇ (ਧਰਮ ਭਾਈ) ਪਾਏ ਹੋਏ ਹਨ। ਸਤਿਕਾਰ ਦੀ ਭਾਵਨਾ ਵਜੋਂ ਬਿਸ਼ਨੋਈ ਲੋਕ ਆਪਸ ਵਿਚ ਮਿਲਦੇ ਸਮੇਂ ਨਮਸਤੇ, ਸਤਿ ਸ੍ਰੀ ਅਕਾਲ, ਪ੍ਰਣਾਮ ਦੀ ਜਗਾ ਆਪਣੀ ਬੋਲੀ ਵਿਚ ਇਕ ਦੂਜੇ ਨੂੰ ਮਿਲਣ ਤੇ ਇਸ ਪ੍ਰਕਾਰ ਮਿਲਦੇ ਹਨ: "ਨਿਮਨ ਪ੍ਰਣਾਮ" (ਨੂਨ ਪ੍ਰਣਾਮ) ਅੱਗੋਂ ਜੁਆਬ ਇਸ ਪ੍ਰਕਾਰ ਮਿਲਦਾ ਹੈ: *"ਜਾਭਾਂ ਜੀ ਨੈ, ਵਿਸਨੂੰ ਜੀ ਨੈ" ਭਾਵ ਕਿ,"ਮੈਂ ਤੈਨੂੰ ਝੁਕ ਕੇ ਪ੍ਰਣਾਮ ਕਰਦਾ ਹਾਂ"* ਅਗੋਂ ਜੁਆਬ ਮਿਲਦਾ ਹੈ : *"ਮੈਨੂੰ ਝੁਕ ਕੇ ਪ੍ਰਣਾਮ ਕਰਨ ਦੀ ਬਜਾਇ ਜਾਭਾਂ ਜੀ ਨੂੰ (ਜੋ ਬੇਸ਼ਵਰ ਜੀ ਨੂੰ) ਵਿਸਨੂੰ ਜੀ ਨੂੰ ਪ੍ਰਣਾਮ ਕਰੋ।"*

ਇੰਜ ਹੀ ਜਦੋਂ ਕੋਈ ਸੁਹਾਗਣ ਕਿਸੇ ਬਜ਼ੁਰਗ ਔਰਤ ਦੇ ਪੈਰ ਛੂੰਹਦੀ ਹੈ (ਬਿਸ਼ਨੋਈ ਔਰਤਾਂ ਦੋਵੇ ਹੱਥਾਂ ਨਾਲ ਦੋਵੇ ਪੈਰ ਛੂੰਹਦੀਆਂ ਹਨ )। ਤਦ ਬਜ਼ੁਰਗ ਔਰਤਾਂ ਇੰਜ ਅਸੀਸ ਦਿੰਦੀਆਂ ਹਨ :

"ਸੂਲੀ ਸਪੁੱਤੀ, ਪੀਲੋ ਓਡੀ, ਬਹੂਆ ਗੋ ਸੁਖ ਦੇਖੀ, ਬੇਟਾ ਗੋ ਸੁਖ ਦੇਖੀ।"

ਭਾਵ ਕਿ ਸੁਹਾਗਣ ਰਹੇ, ਪੀਲੇ ਵਸਤਰ ਪਾਵੇ (ਮੁੰਡਾ ਹੋਣ ਵੇਲੇ ਪੇਕਿਆਂ ਵਜੋਂ ਦਿੱਤਾ ਜਾਣ ਵਾਲਾ ਮੁੱਖ ਵਸਤਰ) ਨੂੰਹ ਪੁੱਤ ਦਾ ਸੁਖ ਵੇਖੇ।

**(ਹ) ਪਹਿਰਾਵਾ** : 'ਪਹਿਰਾਵੇ' ਤੋਂ ਵੀ ਕਿਸੇ ਦੀ ਸ਼ਖ਼ਸੀਅਤ, ਸਮਾਜ ਦੀ ਵਿਲੱਖਣਤਾ ਪਹਿਚਾਣੀ ਜਾ ਸਕਦੀ ਹੈ। ਉਸੇ ਤਰ੍ਹਾਂ ਬਿਸ਼ਨੋਈ ਸਮਾਜ ਦੇ ਲੋਕਾਂ ਦੀ ਪਹਿਚਾਣ ਵੀ ਪਹਿਰਾਵੇ ਤੋਂ ਸਹਿਜੇ ਹੀ ਦੇਖੀ ਜਾ ਸਕਦੀ ਹੈ। ਬਿਸ਼ਨੋਈ ਮਰਦ ਜ਼ਿਆਦਾਤਰ ਸਫ਼ੈਦ ਵਸਤਰ ਪਾਉਂਦੇ ਹਨ। ਔਰਤਾਂ ਘੱਗਰਾ (ਲਹਿੰਗਾ) ਓਡਣੀਆਂ (ਸਿਰ ਉਪਰ ਸਿਤਾਰਿਆ ਨਾਲ ਜੁੜਿਆ ਵਸਤਰ ਚੁੰਨੀ, ਪਹਿਨਦੀਆਂ ਹਨ)

**(ਕ) ਪਰਦਾ ਪ੍ਰਣਾਲੀ** : ਬਿਸ਼ਨੋਈ ਸਮਾਜ ਦੀਆਂ ਸੁਹਾਗਣਾ ਔਰਤਾਂ ਆਪਣੇ ਤੋਂ ਵੱਡਿਆਂ ਤੋਂ ਪਰਦਾ (ਲੰਮਾ ਘੁੰਡ) ਕੱਢਦੀਆਂ ਹਨ। ਉਹ ਆਪਣੇ ਤੋਂ ਵੱਡਿਆ ਨਾਲ ਗੱਲ ਨਹੀਂ ਕਰਦੀਆਂ। ਇਥੋਂ ਤੱਕ ਕਿ ਉਹ ਆਏ ਗਏ ਸਾਹਮਣੇ ਆਪਣੇ ਪਤੀ ਨਾਲ ਬੈਠੇ ਰਿਸ਼ਤੇਦਾਰ ਕੋਲ ਆਪਣੇ ਪਤੀ ਨਾਲ ਵੀ ਛੇਤੀ ਗੱਲ ਨਹੀਂ ਕਰਦੀਆਂ।

*All married women and daughter in law observe Purdah in the Bishnoi Community. Wives even do not talk with their husbands in the presence of elders.* [4]

**(ਗ) ਸਿੱਖਿਆ** : ਸਿੱਖਿਆ ਵਿੱਚ ਬਿਸ਼ਨੋਈ ਸਮਾਜ ਦੇ ਲੋਕ ਕਦੇ ਬਹੁਤ ਪੱਛੜੇ ਹੁੰਦੇ ਸਨ। ਕੁੜੀਆਂ ਨੂੰ ਪੜਾਉਣਾ ਤਾਂ ਬਹੁਤ ਦੂਰ ਦੀ ਗੱਲ ਸੀ। ਪਰ ਅੱਜ ਹਲਾਤ ਬਦਲੇ ਹੋਏ ਹਨ। ਸਮੁੱਚੇ ਪੰਜਾਬ ਵਿਚ "ਅਬੋਹਰ ਤੋਂ 24 ਕਿਲੋਮੀਟਰ ਤੋਂ ਦੂਰ ਮਲੋਟ-ਗੰਗਾਨਗਰ ਡਿਫੈਂਸ ਉਤੇ (ਮਹਿਰਾਜਪੁਰ ਵਿਖੇ) ਗੁਰੂ ਜੰਬੇਸਵਰ ਜੀ ਦੇ ਨਾਂ ਤੇ 'ਗੁਰੂ ਜੰਬੇਸਵਰ ਸਿਖਸ਼ਾ ਸਭਾ' ਦੁਆਰਾ 1996 ਵਿਚ 'ਭੰਮਕੋ ਦੇਵੀ ਸੀਨੀਅਰ ਸੈਕਡਰੀ ਸਕੂਲ" ਸਥਾਪਿਤ ਹੈ।[5]

**(ਘ) ਜਨ-ਸੰਪਰਕ/ਬੋਲੀ** : ਆਪਸੀ ਗੱਲਬਾਤ ਕਰਨ ਲਈ ਕਿਸੇ ਨਾ ਕਿਸੇ ਬੋਲੀ ਦੀ ਜ਼ਰੂਰਤ ਹੁੰਦੀ ਹੈ। ਬਿਸ਼ਨੋਈ ਲੋਕ 'ਬਾਗੜੀ' ਬੋਲੀ ਦਾ ਪ੍ਰਯੋਗ ਕਰਦੇ ਹਨ। ਇਹਨਾਂ ਦੀ ਬੋਲੀ ਵਿਚ ਮਾਰਵੜੀ, ਰਾਜਸਥਾਨੀ ਪੰਜਾਬੀ, ਹਿੰਦੀ ਆਦਿ ਭਾਸ਼ਾਵਾਂ ਦਾ ਮਿਸ਼ਰਣ ਹੈ। ਪੰਜਾਬ ਦੀਆਂ ਉਪਬੋਲੀਆਂ ਮਲਵਈ, ਮਾਝੀ ਆਦਿ ਨਾਲੋਂ ਇਹਨਾਂ ਦੀ ਬੋਲੀ ਵਿਚ ਕਾਫ਼ੀ ਵਖਰੇਵਾ ਹੈ। ਕੁਝ ਕੁ ਉਦਹਾਰਨਾਂ ਰਾਹੀਂ ਇਹਨਾਂ ਦੀ ਬੋਲੀ ਬਾਰੇ ਬਹੁਤ ਸੰਖੇਪ 'ਚ ਚਰਚਾ ਕੀਤੀ ਜਾ ਸਕਦੀ ਹੈ।

- ਬਿਸ਼ਨੋਈ ਲੋਕ ਜ਼ਿਆਦਾਤਰ 'ਸ' ਦੀ ਜਗਾ 'ਹ' ਦਾ ਪ੍ਰਯੋਗ ਕਰਦੇ ਹਨ ਜਿਵੇਂ 'ਸੀਤੋ ਗੁੰਨੋ' ਨੂੰ ਬੋਲਣ ਲੱਗਿਆ 'ਹੀਤੋ ਗੁੰਨੋ', 'ਸੀਰਾ' (ਹਲਵਾ) ਨੂੰ ਹੀਰੋ, 'ਸਮਝ' ਨੂੰ ਹਮਝ ਆਦਿ।
- ਇਸ ਤਰ੍ਹਾਂ ਹੀ ਇਥੇ, ਉਥੇ, ਕਿਥੇ ਲਈ ਇਤ, ਬਿਤ, ਕਿਤ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ : ਇਥੇ ਆਉ ਜੀ। ਇਤ ਆਉ ਜੀ।
- ਇੰਜ ਹੀ ਪੰਜਾਬੀ ਵਿਚਲੇ ਵਰਤੇ ਜਾਂਦੇ ਨਾਵਾਂ ਪੜਨਾਵਾਂ ਨੂੰ ਇਸ ਪ੍ਰਕਾਰ ਬੋਲਿਆ ਜਾਂਦਾ ਹੈ : ਜਿਵੇਂ : ਮੈਂ ਨੂੰ ਹੂੰ (ਮੈਂ ਵੀ ਕਦੇ) ਤੁਸੀਂ ਨੂੰ ਥੇ ਆਦਿ।
- ਸਾਡਾ-ਮਾਹਰੋ, ਤੁਹਾਡਾ-ਥਾਹਰੋ, ਅਸੀਂ-ਮੇਅ, ਮੇਰਾ-ਮੇਰੋ, ਤੂੰ-ਤੂੰ, ਇਹ-ਆਹ, ਉਹ-ਬੋਹ, ਇਥੇ-ਇਤ, ਕਿੱਥੇ-ਕਿਤ, ਉਹਨੇ/ਉਹਨਾਂ-ਬਣਅ, ਇਹਨੇ-ਅਣਅ, ਤੇਰਾ-ਤੇਰੋ (ਕੀ ਨੂੰ ਕੇ ਕਿਹੜਾ ਨੂੰ ਕਿਸੋ) ਆਦਿ ਸ਼ਬਦਾਂ ਦਾ ਪ੍ਰਯੋਗ ਹੁੰਦਾ ਹੈ।

  ਜਿਵੇਂ :-

  ਇਹ ਸਾਡਾ ਘਰ ਹੈ।
  ਆਹ ਮਾਹਰੋ ਘਰ ਹੈ
  ਤੁਹਾਡਾ ਕੀ ਨਾਮ ਹੈ ?
  ਥਾਹਰੋ ਕੇ ਨਾਮ ਹੈ ?
  ਮੇਰਾ ਨਾਮ ਚੰਦਰ ਹੈ।

ਮੇਰੋ ਨਾਮ ਚੰਦਰ ਹੈ।

ਇਸ ਤਰ੍ਹਾਂ ਜਿਵੇਂ ਬਿਸ਼ਨੋਈ ਲੋਕ ਸਤਿਕਾਰਪੂਰਕ ਸ਼ਬਦ 'ਜੀ' ਦਾ ਪ੍ਰਯੋਗ ਕਰਦੇ ਹਨ। ਜਦੋਂ ਕਿਸੇ  ਦਾ ਨਾਮ ਘਰੇ ਲੈਂਦੇ ਹਨ ਭਾਵ ਬੋਲਚਾਲ ਸਮੇਂ ਖ਼ਾਸ ਕਰਕੇ ਛੋਟਿਆਂ ਨੂੰ ਜਦੋ ਬੁਲਾਉਦੇ ਹਨ ਤਾਂ ਉਹਨਾਂ ਦੇ ਨਾਵਾਂ ਨੂੰ ਵਧਾ ਕੇ ਬੋਲਦੇ ਹਨ ਉਹਨਾਂ ਦੇ ਨਾਵਾਂ ਮਗਰ, ਲ, ੜ, ਆ ਆਦਿ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ। ਕੁਝ ਲੜਕੇ ਲੜਕੀਆਂ ਦੀ ਨਾਵਾਂ ਦੀਆਂ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ :

**ਨਾਵਾਂ ਨਾਲ ਸੰਬੰਧਤ**

- ਸੁਰਿੰਦਰ — ਸੁਰਿੰਦਰੀਆ
- ਸੁਰਜੀਤ — ਸੁਰਜੀਤਆ
- ਰਾਮੂ — ਰਾਮੂੜਾ
- ਮੱਖਣ — ਮੱਖਣੀਆ
- ਪੱਪੂ — ਪੱਪੂੜਾ
- ਪ੍ਰਿੰਯਕਾ — ਪ੍ਰਿੰਯਕਲੀ
- ਸੁਨੀਤਾ — ਸੁਨੀਤੀੜੀ ਆਦਿ।

ਇਸ ਤਰ੍ਹਾਂ ਹੀ ਰਿਸ਼ਤੇਦਾਰਾਂ ਨਾਲ ਸੰਬੰਧਤ ਸ਼ਬਦਾਵਲੀ ਵੀ ਕਾਫੀ ਦਿਲਚਸਪ ਹੈ :

- ਮਾਂ — ਮਾਊ
- ਪਿਉ — ਬਾਪੂ, ਭਾਪੋ, ਬਾਵੋ
- ਚਾਚਾ — ਕਾਕਾ
- ਚਾਚੀ — ਕਾਕੀ
- ਭੈਣ — ਬਾਈ
- ਭਰਾ — ਭਾਈ, ਭੈਈਆ
- ਭਾਬੀ — ਭਾਬੀਆ
- ਬੱਚਾ ਟਾਬਰ, — ਟੀਂਗਰ, ਛੋਰੋ, ਨੈਨੀਉ
- ਬੱਚੀ — ਨੈਨਕੀ
- ਕੁੜਮ — ਸਗਾ (ਬੋਲਚਾਲ 'ਚ ਹਗਾ ਹੀ ਬੋਲ ਜਾਂਦੇ ਹਨ)।
- ਕੁੜਮਨੀ — ਸਗੀ (ਹਗੀ)

ਇੰਜ ਹੀ ਹੋਰ ਵਸਤਾਂ, ਪਸ਼ੂ, ਜਗਤ, ਦਰੱਖਤਾਂ ਤੇ ਨਿਤ ਜ਼ਿੰਦਗੀ ਦੀ ਵਰਤੋਂ ਅਧੀਨ ਆਉਣ ਵਾਲੀਆਂ ਵਸਤਾਂ ਲਈ ਵੱਖ-ਵੱਖ ਸ਼ਬਦਾਂ ਰਾਹੀਂ ਬੋਲੀ ਦਾ ਪ੍ਰਯੋਗ ਹੁੰਦਾ ਹੈ।

ਇਹਨਾਂ ਦਾ ਭਾਸ਼ਾ/ਬੋਲੀ ਦਾ ਅਧਿਐਨ ਇਕ ਹੋਰ ਵੱਖਰਾ ਵਿਸ਼ਾ ਹੋ ਸਕਦਾ ਹੈ।

(2) **ਆਰਥਿਕ ਜੀਵਨ** : ਜੀਵਨ ਬਸਰ ਕਰਨ ਲਈ ਆਰਥਿਕਤਾ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਬਿਸ਼ਨੋਈ ਸਮਾਜ ਦੇ ਲੋਕ ਆਰਥਿਕ ਪੱਖੋਂ ਖੁਸ਼ਹਾਲ ਹਨ। ਉਹ ਆਰਥਿਕਤਾ ਲਈ ਹੇਠ ਲਿਖੇ ਧੰਦੇ, ਕਿੱਤੇ ਅਪਣਾਉਂਦੇ ਹਨ:

(**ੳ**) **ਖੇਤੀ ਬਾੜੀ** : ਪੰਜਾਬ ਦੇ ਅਬੋਹਰ ਇਲਾਕੇ ਦੇ ਬਿਸ਼ਨੋਈ ਜਿਆਦਾਤਰ ਪਿਡਾਂ ਤੇ ਢਾਣੀਆਂ ਵਿਚ ਹੋਣ ਕਾਰਨ ਖੇਤੀਬਾੜੀ ਦਾ ਧੰਦਾ ਕਰਦੇ ਹਨ। ਇਹਨਾਂ ਕੋਲ ਚੰਗੀਆਂ ਜਮੀਨਾਂ ਹਨ। ਰੂਪ ਸਿੰਘ ਬਿਸ਼ਨੋਈ ਆਪਣੇ 1966 ਦੇ ਐਮ.ਏ. ਦੇ ਥੀਸਸ ਵਿਚ ਅਬੋਹਰ ਤਹਿਸੀਲ ਦੇ ਪਿੰਡ ਮਹਿਰਾਣਾ ਉਪਰ ਖੋਜ ਕਰਦੇ ਲਿਖਦੇ ਹਨ ਕਿ," *Bishnois have large family farms, they were hesitant to give factual data regarding their land holding*" [6] ਇੰਜ ਇਹ ਚੰਗੀਆਂ ਜਮੀਨਾਂ ਦੇ ਮਾਲਕ ਹਨ। ਬਜ਼ੁਰਗਾਂ ਦੀ ਮੌਤ ਤੱਕ ਸਾਂਝਾ ਪਰਿਵਾਰ ਹੋਣ ਤੱਕ ਇਹ ਜਮੀਨ/ਖੇਤੀ-ਬਾੜੀ ਦੀ ਸਾਂਭ ਸੰਭਾਲ ਰਲ ਕੇ ਕਰਦੇ ਹਨ। ਅਬੋਹਰ ਇਲਾਕੇ ਵਿਚ ਬਿਸ਼ਨੋਈ ਲੋਕ ਜ਼ਿਆਦਾ ਨਰਮਾ, ਕਪਾਹ, ਕਣਕ, ਛੋਲੇ, ਝੋਨਾ ਆਦਿ ਦੀਆਂ ਫ਼ਸਲਾਂ ਤੋਂ ਇਲਾਵਾ ਚੰਗੇ ਬਾਗਾਂ (Farm House) ਦੇ ਮਾਲਕ ਵੀ ਹਨ। ਖੇਤੀ-ਬਾੜੀ ਇਹਨਾਂ ਦੀ ਆਮਦਨ ਦਾ ਸਭ ਤੋਂ ਵੱਡਾ ਸਰੋਤ ਹੈ।

(**ਅ**) **ਪਸ਼ੂ-ਪਾਲਣ** : ਪਸ਼ੂ ਜਗਤ ਨਾਲ ਇਹਨਾਂ ਲੋਕਾਂ ਨੂੰ ਖਾਸ ਸਨੇਹ ਹੈ। ਗੁਰੂ ਜੰਬੇਸ਼ਵਰ ਜੀ ਨੇ ਵੀ ਆਪਣੇ 29 ਨਿਯਮਾਂ ਦੀ ਆਚਾਰ ਸੰਹਿਤਾ ਦਾ ਅੰਤਰਗਤ ਵਿਸ਼ੇਸ਼ ਸਥਾਨ ਦਿੱਤਾ ਹੈ। ਇਹ ਲੋਕ ਦੁਧਾਰੂ ਪਸ਼ੂ ਗਾਂ, ਮੱਝ ਪਾਲਦੇ ਹਨ। ਕਿਸੇ ਸਮੇਂ ਇਹ ਲੋਕ ਦੁੱਧ ਨਹੀਂ ਵੇਚਦੇ ਸਨ। ਪਰ ਹੁਣ ਇਹਨਾਂ ਦੀ ਆਮਦਨ ਦਾ ਇਕ ਸਾਧਨ ਘਿਉ ਤੇ ਦੁੱਧ ਵੇਚਣਾ ਵੀ ਹੈ। ਇਹਨਾਂ ਦੇ ਘਰਾਂ ਵਿਚ ਘਿਉਆ ਦੇ ਪੀਪੇ ਹੀ ਹੁੰਦੇ ਹਨ। ਘਰੇਲੂ ਵਸਤਾਂ ਖਾਣ ਲਈ ਦੇਸੀ ਘਿਉ ਦਾ ਹੀ ਪ੍ਰਯੋਗ ਹੁੰਦਾ ਹੈ। ਕਈ ਬਿਸ਼ਨੋਈ ਡੇਅਰੀ ਦਾ ਧੰਦਾਂ ਵੀ ਕਰਦੇ ਹਨ।

(**ੲ**) **ਟ੍ਰਾਸਪੋਰਟ** : ਖੇਤੀ-ਬਾੜੀ ਤੇ ਪਸ਼ੂ ਪਾਲਣ ਤੋਂ ਬਿਨਾਂ ਬਿਸ਼ਨੋਈ ਲੋਕਾਂ ਦੀ ਆਮਦਨ ਦਾ ਸਭ ਤੋਂ ਵੱਡਾ ਸਰੋਤ ਟ੍ਰਾਸਪੋਰਟ ਹੈ। ਬਿਸ਼ਨੋਈ ਲੋਕਾਂ ਵਲੋਂ ਟ੍ਰਾਸਪੋਰਟ ਵਜੋਂ ਬੱਸਾ ਤੇ ਟਰੱਕਾਂ ਦੀ ਵੀ ਸੁਵਿਧਾ ਹੈ। ਆਰਥਿਕ ਪੱਖੋਂ ਖੁਸ਼ਹਾਲ ਬਿਸ਼ਨੋਈ ਲੋਕਲ ਰੂਪ ਤੇ ਨਜਦੀਕੀ ਪ੍ਰਦੇਸ ਰਾਜਸਥਾਨ ਤੇ ਹਰਿਆਣਾ ਦੇ ਪਰਮਟਾਂ ਉਪਰ ਬੱਸਾ ਚਲਾਉਂਦੇ ਹਨ।

(**ਸ**) **ਨੌਂਕਰੀ ਪੇਸਾ** : ਸਿੱਖਿਆ ਦੇ ਪ੍ਰਸਾਰ ਤੇ ਬਦਲਦੇ ਹਲਾਤਾਂ ਅਨੁਸਾਰ ਬਿਸ਼ਨੋਈ ਲੋਕ ਨੌਂਕਰੀ ਪੇਸਾ ਵੀ ਕਰਦੇ ਹਨ। ਬਿਸ਼ਨੋਈ ਸਮਾਜ ਦੇ ਲੋਕ ਅੱਜ ਬੱਸਾ ਦੀ ਡਰਾਇਵਰੀ ਕੰਡਕਟਰੀ ਤੋਂ ਲੈ ਕੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਤਕ ਦੀਆਂ ਉਪਾਧੀਆਂ ਉਤੇ ਕਾਰਜਸ਼ੀਲ ਹਨ। ਪੈਸ਼ੇ ਵਜੋਂ ਜ਼ਿਆਦਾਤਰ ਵਕੀਲ, ਇੰਜੀਅਨਰ, ਪੁਲਿਸ, ਸੈਨਾ ਤੇ ਅਧਿਆਪਕ ਵਰਗ ਨਾਲ ਸੰਬੰਧਤ ਹਨ। ਆਰਥਿਕ ਖ਼ੁਸ਼ਹਾਲੀ ਲਈ ਬਿਸ਼ਨੋਈ ਵਿਦੇਸ਼ਾਂ ਵਲ ਵੀ ਜਾ ਰਹੇ ਹਨ।

(3) **ਧਾਰਮਿਕ-ਜੀਵਨ** : ਸਮਾਜ ਦੇ ਲੋਕ ਕਾਫੀ ਧਾਰਮਿਕ ਸਰਧਾ ਰੱਖਦੇ ਹਨ। ਵਿਸ਼ਨੂੰ ਉਪਾਸਕ ਹੋਣ ਦੇ ਨਾਲ-ਨਾਲ ਜੰਬੇਸ਼ਵਰ ਜੀ ਨੂੰ ਵੀ ਮੰਨਦੇ ਹਨ। ਅਬੋਹਰ ਤਹਿਸੀਲ ਦੇ ਬਿਸ਼ਨੋਈ ਖ਼ਾਸ ਕਰਕੇ ਹਨੂਮਾਨ ਜੀ (ਬਜਰੰਗ ਬਲੀ) ਦੇ ਵੀ ਭਗਤ ਹਨ। ਇਹ ਹਰ ਮੰਗਲਵਾਰ ਨੂੰ ਬਜਰੰਗ ਬਲੀ ਦੇ ਮੰਦਰਾਂ ਵਿਚ ਵੀ ਜਾਂਦੇ ਹਨ। ਲਗਭਗ ਹਰੇਕ ਬਿਸ਼ਨੋਈ ਪਿੰਡ ਵਿਚ ਬਿਸ਼ਨੋਈ ਮੰਦਰ ਹੈ। ਬਿਸ਼ਨੋਈ ਲੋਕਾਂ ਦੇ ਧਾਰਮਿਕ ਜੀਵਨ ਬਾਰੇ ਹੇਠ ਲਿਖੇ ਪੱਖਾਂ ਦੀ ਜਾਣਕਾਰੀ ਸਹਾਇਕ ਸਿੱਧ ਹੋ ਸਕਦੀ ਹੈ :

**(ੳ) ਮਹਿਰਾਣਾ (ਮਹਿਰਾਜਪੁਰ) ਧੋਰਾ : ਪੰਜਾਬ ਦਾ ਬਿਸ਼ਨੋਈ ਤੀਰਥ ਸਥਾਨ** : ਅਬੋਹਰ ਤਹਿਸੀਲ ਵਿਚ ਪੈਂਦੇ ਇਸ ਪਿੰਡ ਨੂੰ 1813 ਵਿਚ ਵੱਸਿਆ ਹੋਇਆ ਮੰਨਿਆ ਜਾਂਦਾ ਹੈ। ਇਸ ਪਿੰਡ ਨੂੰ ਕਿਸੇ ਮਹਿਰਾਜ ਗੋਦਾਰਾ ਨੇ ਵਸਾਇਆ ਸੀ ਇਸ ਕਰਕੇ ਇਸਨੂੰ ਮਹਿਰਾਜਪੁਰ ਵੀ ਕਿਹਾ ਜਾਂਦਾ ਹੈ। 1959 ਵਿਚ ਇਸ ਦਾ ਨਾ ਬਦਲ ਕੇ ਮਹਿਰਾਣਾ ਕਰ ਦਿੱਤਾ ਗਿਆ। 1925 ਵਿਚ ਇਥੇ ਇਕ ਸੰਤ ਮਹਾਪੁਰਖ ਬ੍ਰਹਮਦਾਸ ਜੀ ਨੇ ਬਿਸ਼ਨੋਈ ਮੰਦਰ ਦੀ ਸਥਾਪਨਾ ਕੀਤੀ। ਉਹਨਾਂ ਨੇ ਇਲਾਕੇ ਵਿਚ ਬਿਸ਼ਨੋਈ ਸਮਾਜ ਦੇ ਪ੍ਰਚਾਰ ਤੇ ਪ੍ਰਸਾਰ ਲਈ ਜ਼ੋਰ ਦਿੱਤਾ। ਉਹਨਾਂ ਦੀ ਜੋਤੀ ਜੋਤ ਤੋਂ ਬਾਅਦ ਗੱਦੀ ਕਾਲੂ ਰਾਮ ਜੀ ਨੂੰ ਦਿੱਤੀ ਗਈ, ਜੋ ਅੱਜ ਵੀ ਬੁਜਰਗ ਅਵਸਥਾ ਵਿੱਚ ਉਥੇ ਹੀ ਰਹਿ ਰਹੇ ਹਨ। ਪਰ ਉਹਨਾਂ ਨੇ ਆਪਣੀ ਸਿਹਤ ਨੂੰ ਧਿਆਨ ਵਿਚ ਰੱਖਦਿਆ ਸੁਆਮੀ ਮਨੋਹਰ ਦਾਸ ਸ਼ਾਸਤਰੀ ਨੂੰ ਗੱਦੀ-ਨਸ਼ੀਨ ਕਰ ਦਿੱਤਾ। ਇਹ ਪੰਜਾਬ ਦਾ ਬਿਸ਼ਨੋਈ ਸਮਾਜ ਨਾਲ ਸੰਬੰਧਤ ਇਕੋ ਇਕ ਤੀਰਥ ਸਥਾਨ ਹੈ। ਇਸ ਤੋਂ ਬਿਨਾਂ ਹਰੇਕ ਪਿੰਡ ਵਿਚ ਵੀ ਬਿਸ਼ਨੋਈ ਖ਼ੂਬਸੂਰਤ ਮੰਦਰ ਹਨ। ਜਿਥੇ ਲੋਕ ਮੱਥਾ ਟੇਕਣ (ਧੋਕ ਮਾਰਨ) ਜਾਂਦੇ ਹਨ।

**(ਅ) (i) ਮੇਲੇ ਤੇ ਤਿਉਹਾਰ** : ਪੰਜਾਬ ਵਿਚ ਸਮੁੱਚੇ ਬਿਸ਼ਨੋਈ ਸਮਾਜ ਦੀ ਪ੍ਰਤੀਨਿਧਤਾ ਕਰਨ ਵਾਲੇ ਪਿੰਡ ਮਹਿਰਾਜਪੁਰ (ਮਹਿਰਾਣਾ) ਵਿਖੇ ਹਰ ਮੱਸਿਆ ਤੇ ਹੀ ਮੇਲੇ ਲਗਦੇ ਹਨ। ਪਰ ਅੱਸੂ ਤੇ ਫੱਗਣ ਦੀ ਮੱਸਿਆ ਤੇ ਭਾਰੀ ਮੇਲੇ ਲੱਗਦੇ ਹਨ। ਇਸ ਤੋਂ ਬਿਨਾਂ ਮਾਘ, ਫੱਗਣ ਦੀ ਮੱਸਿਆ ਤੇ ਵੀ ਕਈ ਵਾਰ ਭਾਰੀ ਮੇਲਿਆ ਦਾ ਆਯੋਜਨ ਕਰ ਲਿਆ ਜਾਂਦਾ ਹੈ। ਇਹਨਾਂ ਮੇਲਿਆਂ ਤੇ ਬਿਸ਼ਨੋਈ ਸਮਾਜ ਦੇ ਪ੍ਰਚਾਰ-ਪ੍ਰਸਾਰ ਤੇ ਗੁਰੂ ਉਪਦੇਸ਼ ਦੀ ਸਿੱਖਿਆ ਦਿੱਤੀ ਜਾਂਦੀ ਹੈ।

ਹਰੇਕ ਮੱਸਿਆ ਤੇ ਵੱਡਾ ਹਵਨ ਤੇ ਪਾਹਲ ਦੀ ਰਸਮ ਅਦਾ ਕੀਤੀ ਜਾਂਦੀ ਹੈ। ਹਰੇਕ ਮੱਸਿਆ ਦੇ ਮੇਲੇ ਤੇ ਆਸ-ਪਾਸ ਦੇ ਮੁਆਢੀ ਰਾਜਾਂ ਤੇ ਸਰਧਾਲੂ ਧੋਕ ਮਾਰਨ (ਮੱਥਾ) ਟੇਕਣ ਆਉਂਦੇ ਹਨ।

**(ii) ਤਿਉਹਾਰ** : ਬਿਸ਼ਨੋਈ ਸਮਾਜ ਵਿਚ ਜ਼ਿਆਦਾ ਤਿਉਹਾਰ ਨਹੀਂ ਮਨਾਏ ਜਾਂਦੇ ਸਿਰਫ਼ ਦੀਵਾਲੀ, ਹੋਲੀ ਤੇ ਰੱਖੜੀ (ਰਖਸਾ ਬੰਧਨ) ਤਿਉਹਾਰ ਹੀ ਵਧੇਰੇ ਮਨਾਏ ਜਾਂਦੇ ਹਨ। ਹੋਲੀ ਦਾ ਤਿਉਹਾਰ ਬਿਸ਼ਨੋਈ ਸਮਾਜ ਵਿਚ ਇਕ ਵਖਰੀ ਪਹਿਚਾਣ ਦਾ ਸੂਚਕ ਹੈ। ਬਿਸ਼ਨੋਈ ਸਮਾਜ ਦੇ ਲੋਕ ਆਪਣੇ ਆਪ ਨੂੰ ਵਿਸ਼ਨੂੰ ਭਗਤ ਹੋਣ ਕਾਰਨ ਪ੍ਰਹਿਲਾਦ ਪੰਥੀ ਵੀ ਸਮਝਦੇ ਹਨ ਬਿਸ਼ਨੋਈ ਲੋਕ ਦਿਨੇ ਇਕ ਦੂਜੇ ਉਪਰ ਰੰਗ ਨਹੀਂ ਪਾਉਂਦੇ।` ਇਸ ਦਿਨ ਇਹ ਲੋਕ ਵੱਡਾ ਹਵਨ ਕਰਦੇ ਹਨ। ਦੀਵਾਲੀ ਤੇ ਰੱਖੜੀ ਦਾ ਤਿਉਹਾਰ ਹਿੰਦੂ ਸਮਾਜ ਵਾਂਗ ਹੀ ਮਨਾਉਂਦੇ ਹਨ।

**(ੲ) ਪਾਹਲ** : ਬਿਸ਼ਨੋਈ ਸਮਾਜ ਵਿਚ 'ਪਾਹਲ' (ਜਲ ਦੀ ਚੁਲੀ) ਦੀ ਰਸਮ ਹਰੇਕ ਜੀਵਨ ਸੰਸਕਾਰ ਜਨਮ, ਵਿਆਹ, ਮੌਤ ਤੋਂ ਇਲਾਵਾ ਹੋਲੀ ਤੇ ਹਰ ਮੱਸਿਆ ਦੇ ਮੌਕੇ ਉਤੇ ਨਿਭਾਈ ਜਾਂਦੀ ਹੈ। ਪਾਹਲ ਗ੍ਰਹਿਣ ਕਰਨਾ ਇਕ ਤਰ੍ਹਾਂ ਨਾਲ ਬਿਸ਼ਨੋਈ, ਸਮਾਜ ਦੇ ਨਿਯਮਾਂ ਮੁਤਾਬਿਕ ਆਪਣੇ ਆਪ ਨੂੰ ਧਾਰਨ ਕਰਨ ਦੀ ਪ੍ਰਤਿਗਆ ਹੈ। ਹਰੇਕ ਸਰਧਾਲੂ ਨੂੰ ਇਸ ਦੀਆਂ ਤਿੰਨ-ਤਿੰਨ ਬੂੰਦਾਂ ਪਿਲਾਈਆਂ ਜਾਂਦੀਆਂ ਹਨ। ਮਹਿਰਾਣੇ ਮੰਦਰ ਵਿਖੇ ਹਰ ਮੱਸਿਆ ਉਪਰ 'ਪਾਹਲ' ਧਾਰਨ ਕਰਨ ਲਈ ਸਰਧਾਲੂਆਂ ਦੀ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ।

(ਸ) **ਵਰਤ** : ਬਿਸ਼ਨੋਈ ਸਮਾਜ ਵਿਚ ਵੱਖਰੇ-ਵੱਖਰੇ ਵਰਤਾਂ ਦਾ ਵੀ ਪ੍ਰਚਲਨ ਹੈ। "*ਧਾਰਮਿਕ ਸ਼ਬਦਾਵਲੀ ਵਿਚ ਵਰਤ ਨਿਸਚਤ ਸਮੇਂ ਲਈ ਅੰਨ ਅੰਗੀਕਾਰ ਨਾ ਕਰਨ ਦਾ ਪ੍ਰਣ ਹੈ।*"[7] ਮੱਸਿਆ, ਕਰਵਾ ਚੋਥ, ਇਕਾਦਸੀ ਦਾ ਵਰਤ ਬਿਸ਼ਨੋਈ ਸਮਾਜ ਵਿਚ ਰੱਖਿਆ ਜਾਂਦਾ ਹੈ। ਮੱਸਿਆ ਸਮੇਂ ਤੇ ਲੜਕੀ ਦੇ ਵਿਆਹ ਸਮੇਂ ਮਰਦ-ਔਰਤ (ਪਤੀ-ਪਤਨੀ) ਦੋਵੇਂ ਵਰਤ ਰੱਖਦੇ ਹਨ। ਅਬੋਹਰ ਤਸਿਹੀਲ ਦੇ ਬਹੁਤੇ ਬਿਸ਼ਨੋਈ ਬਜਰੰਗ ਬਲੀ ਦੇ ਸਰਧਾਲੂ ਹੋਣ ਕਾਰਨ ਮੰਗਲਵਾਰ ਵੀ ਵਰਤ ਰੱਖਦੇ ਹਨ।

(ਹ) **ਹਵਨ, ਆਰਤੀ, ਯੱਗ, ਜਾਗਰਨ** : ਬਿਸ਼ਨੋਈ ਸਮਾਜ ਦੇ ਨਿਯਮਾਂ ਮੁਤਾਬਿਕ ਹਵਨ, ਆਰਤੀ ਯਗ ਨੂੰ ਵਿਸ਼ੇਸ਼ ਸਥਾਨ ਹਾਸਲ ਹੈ। ਹਰੇਕ ਕਾਰਜ ਸਮੇਂ ਹਵਨ ਕੀਤਾ ਜਾਂਦਾ ਹੈ। ਮੱਸਿਆ ਦੇ ਮੌਕੇ ਉਪਰ ਦੇਸੀ ਘਿਉ (ਗਾਂ ਦਾ) ਨੂੰ ਹਵਨ ਵਿਚ ਪਾਇਆ ਜਾਂਦਾ ਹੈ। ਮੱਸਿਆ ਮੌਕੇ ਮਹਿਰਾਣਾ ਵਿਖੇ ਇਹ ਦ੍ਰਿਸ਼ ਦੇਖਣਯੋਗ ਹੁੰਦਾ ਹੈ। ਵੱਖ-ਵੱਖ ਮੌਕਿਆ ਜਿਵੇਂ ਵਿਆਹ ਸਮੇਂ, ਮੇਲਿਆਂ ਜਾਂ ਫਿਰ ਕਿਸੇ ਹੋਰ ਵਿਸ਼ੇਸ਼ ਮੌਕੇ ਬਿਸ਼ਨੋਈ ਲੋਕ ਜਾਗਰਨ ਕਰਵਾਉਂਦੇ ਹਨ।

(ਕ) **ਜੂਠ ਅਤੇ ਭਿੱਟ** : ਬਿਸ਼ਨੋਈ ਸਮਾਜ ਦੇ ਲੋਕਾਂ ਵਿੱਚ ਜੂਠ ਤੇ ਭਿੱਟ ਸੰਬੰਧੀ ਵੀ ਵਿਸ਼ਵਾਸ ਹੈ। "*ਜਾਤੀ ਵਰਣ ਅਤੇ ਸੂਤਕ ਪਾਤਕ ਨਾਲ ਸੰਬੰਧਤ ਇਕ ਹੋਰ ਅਸ਼ੁੱਧੀ ਭਰਮ ਜਾਂ ਵਿਸ਼ਵਾਸ ਜੂਠ ਅਖਵਾ ਭਿੱਟ ਸੰਬੰਧੀ ਹੈ। ਲੋਕ ਮਾਨਸ ਦੁਆਰਾ ਇਹ ਆਪਣੀਆਂ ਜੜ੍ਹਾ ਇਥੋਂ ਤੱਕ ਡੂੰਘੀਆਂ ਅਤੇ ਪੁਖਤਾ ਕਰ ਚੁਕੀ ਹੈ ਕਿ ਅਜੇ ਵੀ ਇਸਦਾ ਪ੍ਰਭਾਵ ਪੂਰੀ ਤਰ੍ਹਾਂ ਕਾਇਮ ਹੈ।*"[8] ਬਿਸ਼ਨੋਈ ਸਮਾਜ ਵੀ ਇਸ ਵਿਚ ਯਕੀਨ ਰੱਖਦੇ ਹਨ। ਸਮੇਂ ਦੇ ਨਾਲ-ਨਾਲ ਇਹਨਾਂ ਵਿਚ ਪਰਿਵਰਤਨ ਆ ਰਿਹਾ ਹੈ। ਪਰ ਭਿੱਟ ਪੂਰੀ ਤਰ੍ਹਾ ਖ਼ਤਮ ਨਹੀਂ ਹੋਈ।

**ਬਿਸ਼ਨੋਈ ਸਮਾਜ ਦੇ : ਰਸਮਾਂ-ਰਿਵਾਜ**

ਕਿਸੇ ਵੀ ਮਨੁੱਖੀ ਭਾਈਚਾਰੇ ਵਿਚ ਰਸਮਾਂ-ਰਿਵਾਜਾਂ ਦਾ ਮਹੱਤਵ ਸਹਿਜੇ ਹੀ ਸਵੀਕਾਰ ਕੀਤਾ ਜਾ ਸਕਦਾ ਹੈ। ਰਸਮਾਂ-ਰਿਵਾਜ ਕਿਸੇ ਵੀ ਸਭਿਆਚਾਰ, ਸਮਾਜ ਨੂੰ ਸਮਝਣ ਲਈ ਅਹਿਮ ਵੇਰਵਾਂ ਹੋ ਸਕਦਾ ਹੈ। ਸਮੇਂ ਦੇ ਤੇਜੀ ਨਾਲ ਬਦਲ ਰਹੇ ਵਿਵਹਾਰ ਵਜੋਂ ਮਨੁੱਖ ਭਾਵੇਂ ਕਿੰਨਾ ਹੀ ਵਿਗਿਆਨਕ ਕਿਉਂ ਨਾ ਹੋ ਜਾਵੇ ਪਰ ਉਹ ਸਭਿਆਚਾਰਕ ਪ੍ਰਬੰਧ ਤੋਂ ਪੂਰੀ ਤਰ੍ਹਾਂ ਨਹੀਂ ਟੁੱਟ ਸਕਦਾ। ਕਿਸੇ ਸਮੇਂ ਵਿਚ ਆ ਕੇ ਮਨੁੱਖ ਜਿਉ ਹੀ ਆਪਣੀਆਂ ਪਰੰਪਰਾਵਾਂ ਨਾਲੋਂ ਟੁੱਟਦਾ ਹੈ ਤਾਂ ਉਸਦਾ ਅੰਦਰ ਬੇਗਾਨਗੀ ਅਤੇ ਇਕੱਲੇਪਨ ਦਾ ਅਹਿਸਾਸ ਉਸਦੇ ਸੰਤਾਪ ਵਜੋਂ ਸਾਹਮਣੇ ਆਉਂਦਾ ਹੈ। ਲੋਕਧਾਰਾ ਦੇ ਖੇਤਰ ਵਿਚੋਂ ਸਭਿਆਚਾਰਕ ਪੱਧਰ ਤੇ ਵਿਦਮਾਨ ਰਸਮਾਂ ਰਿਵਾਜਾਂ ਦਾ ਕੇਂਦਰੀ ਮਹੱਤਵ ਹੋ ਨਿਬੜਦਾ ਹੈ। ਰਸਮਾਂ-ਰਿਵਾਜਾਂ ਦੇ ਕੇਂਦਰੀ ਮਹੱਤਵ ਨੂੰ ਸਵੀਕਾਰ ਕਰਦੇ ਹੋਏ 'ਮੇਰਾ ਪਿੰਡ' ਪੁਸਤਕ ਦੇ ਕਰਤਾ 'ਗਿਆਨੀ ਗੁਰਦਿਤ ਸਿੰਘ' ਲਿਖਦੇ ਹਨ:

> *ਮੇਰੇ ਪਿੰਡ ਦੇ ਲੋਕਾਂ ਦਾ ਜੀਵਨ ਇਕ ਤਰੀਕੇ ਨਾਲ ਰਿਵਾਜਾਂ ਤੇ ਰਸਮਾਂ ਵਿਚ ਮਾਲਾ ਦੇ ਮਣਕਿਆਂ ਵਾਂਗ ਪਰੋਇਆ ਹੋਇਆ ਚਲਦਾ ਹੈ। ਰਸਮਾਂ ਤੇ ਰੀਤਾਂ ਦੀ ਪੂਰਤੀ ਦਾ ਇਹ 'ਕਾਰਯ-ਕਰਮ' ਜਦੋਂ ਜੀਵ ਜੰਮਿਆ ਵੀ ਨਹੀਂ ਹੁੰਦਾ ਉਦੋਂ ਤੋਂ ਸ਼ੁਰੂ ਹੋ ਕੇ ਜਿੰਨਾ ਚਿਰ ਸਿਵੇ ਉਤੇ ਸੁਆਹ ਦੀ ਆਖਰੀ ਚੁਟਕੀ ਤੱਕ ਰਹਿੰਦੀ ਹੈ-ਨਹੀਂ ! ਨਹੀਂ ! ਸਿਵੇ ਵਾਲੀ ਥਾਂ ਦਾ ਥੱਲਾ ਤੱਕ ਘਰੋੜਿਆ ਨਹੀਂ ਜਾਂਦਾ, ਉਸ ਤੋਂ ਪਿਛੋ ਤੱਕ ਵੀ ਇਹ ਸੇਵਾ ਚਲਦੀ ਹੈ।*[9]

ਇਸ ਤਰ੍ਹਾਂ ਮਨੁੱਖੀ ਜੀਵਨ ਦਾ ਸਭਿਆਚਾਰਕ ਮਾਹੌਲ ਇੰਨਾ ਰਸਮਾਂ ਰਿਵਾਜਾਂ ਨਾਲ ਭਰਿਆ ਹੋਇਆ ਹੈ। ਇਹਨਾਂ ਰਸਮਾਂ-ਰਿਵਾਜਾਂ ਅਧੀਨ ਹੀ ਮਨੁੱਖ ਆਪਣਾ ਜੀਵਨ ਬਤੀਤ ਕਰਦਾ ਹੈ। ਇਹ ਰਸਮੋ-ਰਿਵਾਜ ਮਨੁੱਖ ਦੇ ਦੁਨੀਆਂ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਤੋਂ ਲੈ ਕੇ ਅੰਤਿਮ ਸਾਹ ਭੋਗਣ ਤੋਂ ਮਗਰੋਂ ਤੱਕ ਵੀ ਨਿਰੰਤਰ ਚਲਦੇ ਰਹਿੰਦੇ ਹਨ। ਇਹ ਰਸਮਾਂ ਰਿਵਾਜ ਕਿਸੇ ਸਭਿਆਚਾਰ ਵਿਚ ਉਸ ਸਭਿਆਚਾਰ/ਸਮਾਜ ਦੇ ਮਨੁੱਖ ਨਾਲ ਹੀ ਸੰਬੰਧਿਤ ਹੁੰਦੇ ਹਨ, ਉਸ ਦੀਆਂ ਭਾਵਨਾਵਾਂ ਦੀ ਸਹਿਜ ਹੀ ਤਰਜਮਾਨੀ ਕਰਦੇ ਹਨ।

> "*ਕਿਸੇ ਵੀ ਸਭਿਆਚਾਰ ਸਮੂਹ ਦੇ ਸਮਾਜਿਕ ਜੀਵਨ ਵਿਚ ਰੀਤੀ-ਰਿਵਾਜ ਉਸਦੇ ਰੋਜ਼ਾਨਾ ਵਿਹਾਰ ਦਾ ਤਾਣਾ-ਪੇਟਾ ਹੁੰਦੇ ਹਨ। ਇਹ ਭਾਈਚਾਰਕ ਜੀਵਨ ਵਿਚ ਲੋਕ ਸਮੂਹ ਦੀਆਂ, ਸੱਧਰਾਂ, ਭਾਵਨਾਵਾਂ, ਮਨ ਮਨੌਤਾ, ਵਰਜਣਾ ਅਤੇ ਉਸ ਸਮੂਹ ਦੇ ਜ਼ਜਬਿਆਂ ਦੀ ਤਰਜਮਾਨੀ ਕਰਦੇ ਹਨ।*"[10]

ਇਸ ਲਈ ਇਹ ਭਾਵਨਾਵਾਂ ਜਜ਼ਬੇ, ਸੱਧਰਾਂ ਆਦਿ ਰਸਮਾਂ-ਰਿਵਾਜ ਦਾ ਕੇਂਦਰੀ ਅੰਗ ਬਣ ਜਾਂਦੀਆਂ ਹਨ।
ਬਿਸ਼ਨੋਈ ਸਮਾਜ ਵਿਚ ਜਨਮ ਸਮੇਂ ਦੀਆਂ ਰਸਮਾਂ ਦਾ ਨਿਭਾਉ ਬੱਚੇ ਦੇ ਜਨਮ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ।ਗਰਭਵਤੀ ਔਰਤ ਨੂੰ ਸੱਤਵੇ-ਅੱਠਵੇ ਮਹੀਨੇ ਪੇਕਿਆਂ ਉਪਰ ਭੇਜ ਦਿੱਤਾ ਜਾਂਦਾ ਹੈ। ਪਹਿਲੇ ਬੱਚੇ ਦੇ ਜਨਮ ਸਮੇਂ ਪੇਕੇ ਘਰ ਇਸਤਰੀ ਨੂੰ ਇਸ ਕਰਕੇ ਭੇਜਿਆ ਜਾਂਦਾ ਹੈ ਕਿਉਂਕਿ ਉਹ ਆਪਣੇ ਆਪ ਨੂੰ ਆਪਣੇ ਬਾਬਲ-ਘਰ ਵਧੇਰੇ ਸੁਰੱਖਿਅਤ ਮਹਿਸੂਸ ਕਰਦੀ ਹੈ।

ਗਰਭਵਤੀ ਔਰਤ ਲਈ ਇਸ ਸੰਬੰਧੀ ਬਿਸ਼ਨੋਈ ਸਮਾਜ 'ਚ ਸਥਾਪਿਤ ਉੱਨਤੀ ਨਿਯਮਾਂ ਦੀ ਆਚਾਰ ਸੰਹਿਤਾ ਵਿਚ ਵੀ ਇਹ ਦੋ ਨਿਯਮ ਨਿਸ਼ਚਿਤ ਕੀਤੇ ਗਏ ਹਨ:

1. ਤੀਹ ਦਿਨ ਤੱਕ ਸੂਤਕ ਰੱਖਣਾ।
2. ਮਾਸਿਕ ਧਰਮ ਸਮੇਂ ਪੰਜ ਦਿਨ ਇਸਤਰੀ ਦਾ ਘਰੇਲੂ ਕਾਰਜਾਂ ਤੋਂ ਦੂਰ ਰਹਿਣਾ।

ਬਿਸ਼ਨੋਈ ਸਮਾਜ ਵਿਚ ਬਹੁਤੀਆਂ ਰਸਮਾਂ ਦਾ ਨਿਭਾਉ ਲੜਕੇ ਦੇ ਜਨਮ ਸਮੇਂ ਹੀ ਨਿਭਾਇਆ ਜਾਂਦਾ। "*ਬਿਸ਼ਨੋਈ ਸਮਾਜ ਵਿਚ ਇਸ ਸੰਬੰਧੀ ਲੜਕੀ ਦੇ ਜਨਮ ਸਮੇਂ ਕੋਈ ਗੀਤ ਵੀ ਨਹੀਂ ਗਾਇਆ ਜਾਂਦਾ।*" "f ਜਨਮ ਸਮੇਂ ਜੇਕਰ ਲੜਕੇ ਦਾ ਜਨਮ ਹੋਵੇ ਤਾਂ 'ਕਾਂਸੀ ਦੀ ਥਾਲੀ' ਖੜਕਾਈ ਜਾਂਦੀ ਹੈ ਅਤੇ ਲੜਕੀ ਦੇ ਜਨਮ ਸੰਬੰਧੀ 'ਪੱਖੀ' ਨੂੰ ਕੁੱਟਿਆ ਜਾਂਦਾ ਹੈ *(The Birth of a male child is heralded by the rining of a bronze plate (thali) While at the birth of femlae child a winnoking fan is beaten)*[12]

ਹੁਣ ਇਸ ਵਿਸ਼ਵਾਸ ਵਿਚ ਸਿੱਖਿਆ ਦੇ ਪ੍ਰਸਾਰ ਕਾਰਨ ਕੁਝ ਬਦਲਾਉ ਨਜ਼ਰ ਆ ਰਿਹਾ ਹੈ। ਜਨਮ ਸਮੇਂ ਗੁੜਤੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਬਿਸ਼ਨੋਈ ਸਮਾਜ ਵਿਚ ਇਸਨੂੰ 'ਜਨਮ ਘੁੱਟੀ' ਕਹਿੰਦੇ ਹਨ। ਬਿਸ਼ਨੋਈ ਸਮਾਜ ਵਿਚ ਕਿਸੇ ਵਿਸ਼ੇਸ਼ ਵਿਅਕਤੀ ਦੁਆਰਾ ਬੱਚੇ ਦੇ ਜਨਮ ਸਮੇਂ ਕੋਈ ਕਿਸੇ ਵਿਸ਼ੇਸ਼ ਵਿਅਕਤੀ ਦੁਆਰਾ ਬੱਚੇ ਦੇ ਜਨਮ ਸਮੇਂ ਕੋਈ ਮਿੱਠਾ ਪਦਾਰਥ ਗੁੜ ਜਾਂ ਹਲਵਾ ਬੱਚੇ

ਦੀ ਜੀਭ ਨੂੰ ਛੁਹਾਇਆ ਜਾਂਦਾ ਹੈ। 'ਗੁੜ੍ਹਤੀ' ਦਾ ਵਿਸ਼ੇਸ਼ ਮਹੱਤਵ ਹੈ। ਇਸ ਸੰਬੰਧੀ ਗੁਲਜਾਰ ਸਿੰਘ ਸੰਧੂ ਆਪਣੇ ਇਕ ਲੇਖ ਪੰਜਾਬ ਦੇ ਰਸਮ-ਰਿਵਾਜ ਵਿਚ ਲਿਖਦੇ ਹਨ:

*ਜਨਮ ਤੋਂ ਪਿੱਛੋਂ ਗੁੜਤੀ ਦੀ ਰਸਮ ਮਹੱਤਵਪੂਰਨ ਮੰਨੀ ਜਾਂਦੀ ਹੈ। ਬੱਚੇ ਨੂੰ ਦਿੱਤੀ ਗੁੜ੍ਹਤੀ ਦਾ ਬੱਚੇ ਦੇ ਸੁਭਾਉ ਉਤੇ ਚੋਖਾ ਅਸਰ ਹੁੰਦਾਂ ਮੰਨਿਆਂ ਜਾਂਦਾ ਹੈ। ਕਈ ਵਾਰ ਗਰਭਵਤੀਆਂ ਬੱਚੇ ਦਾ ਜਨਮ ਤੋਂ ਪਹਿਲਾਂ ਹੀ ਉਸਦੇ ਬੰਦੇ ਨੂੰ ਮਨ ਵਿਚ ਧਾਰ ਲੈਦੀਆਂ ਹਨ ਜਿਸ ਤੋਂ ਉਹਨਾਂ ਨੇ ਗੁੜ੍ਹਤੀ ਦਿਵਾਉਣੀ ਹੁੰਦੀ ਹੈ। ਉਹ ਆਪਣੇ ਬੱਚੇ ਨੂੰ ਉਸ ਵਰਗਾ ਬਣਦਾ ਵੇਖਣ ਦੀਆਂ ਚਾਹਵਾਨ ਹੁੰਦੀਆਂ ਹਨ।*[13]

ਬੱਚੇ ਉਤੇ ਗੁੜਤੀ ਗ੍ਰਹਿਣ ਕਰਾਉਣ ਵਾਲੀ ਸ਼ਖ਼ਸੀਅਤ ਦਾ ਪ੍ਰਭਾਵ ਪੈਣਾ ਸੁਭਾਵਿਕ ਮੰਨਿਆ ਜਾਂਦਾ ਹੈ। ਇੰਜ ਬਿਸ਼ਨੋਈ ਸਮਾਜ ਵਿਚ ਬੱਚੇ ਦਾ ਜਨਮ ਤੋਂ ਬਾਅਦ 'ਕਾਜਲ ਨਿਕਾਲਨਾ' 'ਛਟੀ', 'ਨਾਮਕਰਨ', 'ਜਲਵਾ ਪੂਜਨ', 'ਪਾਹਲ' ਆਦਿ ਕੁਝ ਹੋਰ ਰਸਮਾਂ ਨਿਭਾਈਆਂ ਜਾਂਦੀਆਂ ਹਨ। 'ਗੁੜ੍ਹਤੀ' ਤੋਂ ਬਾਅਦ 'ਛਟੀ' ਦੀ ਰਸਮ ਨਿਭਾਈ ਜਾਂਦੀ ਹੈ।

ਛਟੀ ਵਾਲੇ ਦਿਨ ਹੀ 'ਕਾਜਲ ਨਿਕਾਲਣਾ' ਦੀ ਰਸਮ ਵੀ ਕੀਤੀ ਜਾਂਦੀ ਹੈ। ਬੱਚੇ ਨੂੰ ਬੁਰੀਆਂ ਭਲਾਵਾਂ ਤੇ ਨਜ਼ਰ ਤੋਂ ਬਚਾਉਣ ਲਈ ਉਸਦੇ ਕਾਲਖ਼ ਦਾ ਟਿੱਕਾ ਲਗਾਇਆ ਜਾਂਦਾ ਹੈ। ਇਕ ਤੇਲ ਦੇ ਦੀਵੇ ਉਪਰ ਢੱਕਣ ਰੱਖ ਦਿੱਤਾ ਜਾਂਦਾ ਹੈ ਤੇ ਉਸ ਦੀ ਕਾਲਖ਼ ਨੂੰ ਬੱਚੇ ਦੇ ਲਗਾਇਆ ਜਾਂਦਾ ਹੈ ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬੱਚਾ ਬੁਰੀਆਂ ਨਜ਼ਰਾਂ ਤੋਂ ਦੂਰ ਰਹਿੰਦਾ ਹੈ। ਇਸ ਦਿਨ ਹੀ ਉਪਹਾਰ ਦਿੱਤੇ ਜਾਂਦੇ ਹਨ। ਬੱਚੇ ਦੀ ਭੂਆ ਵੀ ਬੱਚੇ ਲਈ ਵਿਸ਼ੇਸ਼ ਰੂਪ ਵਿਚ ਕੱਪੜੇ ਲੈ ਕੇ ਜਾਂਦੀ ਹੈ। ਬਿਸ਼ਨੋਈ ਬੋਲੀ ਵਿਚ ਇਸਨੂੰ 'ਝੁਗਲੀਆਂ-ਟੋਪਲੀਆਂ' ਕਹਿੰਦੇ ਹਨ। ਵੀਰ ਘਰ ਪੁੱਤ ਜੰਮੇ ਹੋਣ ਦੀ ਖੁਸ਼ੀ ਭੈਣ ਨੂੰ ਸਭ ਤੋਂ ਵਧੇਰੇ ਹੁੰਦੀ ਹੈ ਅਤੇ ਇਸ ਲਈ ਉਹ ਪਹੁੰਚ ਕੇ 'ਗੁੜ' ਵੰਡਦੀ ਹੈ ਤੇ ਵਧਾਈ ਵਜੋਂ 'ਧੀਨੜੀਆ' ਗੀਤ ਗਾਉਂਦੀ ਹੈ। ਬਜ਼ੁਰਗਾਂ ਤੋਂ ਵਧਾਈ ਵਧੇਰੇ ਕਰਕੇ ਮੰਗੀ ਜਾਂਦੀ ਹੈ। ਜਿਸ ਕਿਸੇ ਤੋਂ ਵਧਾਈ ਲੈਣੀ ਹੁੰਦੀ ਹੈ ਉਸਦਾ ਨਾਮ ਜੋੜ ਦਿੱਤਾ ਜਾਂਦਾ ਹੈ:

ਧੀਨੜੀਆਂ ਗਾ ਦਾਦਾ (ਨਾਮ) ਓ

ਧੀਨੜ ਗੀ ਬਧਾਈ ਦਿਉ।

ਕੋਰਾ ਕੋਰਾ ਨੋਟ ਢਾਢਿਆ ਨੈਂ ਬਾਟਾਂ,

ਮਨੈ ਧੀਨੜ ਗੀ ਬਧਾਈ ਦਿਓ

ਵੱਖ-ਵੱਖ ਮਨੁੱਖਾਂ ਦਾ ਪੁੱਤਰ ਜਨਮ ਤੇ ਵਧਾਈ ਮੰਗਣਾ ਇਹ ਸੰਕੇਤ ਕਰਦਾ ਹੈ ਕਿ ਪੁੱਤਰ ਦੇ ਜਨਮ ਸਮੇਂ ਖੁਸ਼ੀ ਵਿਚ ਹਰੇਕ ਆਪਣੀ ਭਾਗੀਦਾਰੀ ਸਮਝਦੀ ਹੈ।

ਪੁੱਤਰ ਜਨਮ ਤੋਂ ਬਾਅਦ ਇਕ ਵਿਸ਼ੇਸ਼ ਮਹੱਤਵਪੂਰਨ ਰਸਮ 'ਜਲਵਾ ਪੂਜਣ' ਦੀ ਹੈ। ਜੋ ਕਿ ਪੁੱਤਰ (ਲੜਕਾ) ਪ੍ਰਾਪਤੀ ਤੇ ਹੀ ਹੁੰਦੀ ਹੈ। ਇਹ ਰਸਮ ਸਹੁਰੇ ਘਰ ਹੀ ਹੁੰਦੀ ਹੈ। ਪਰ ਇਸ ਤੋਂ ਪਹਿਲਾਂ ਇਸਤਰੀ ਲਈ ਤੀਹ ਦਿਨ ਦਾ ਸੂਤਕ ਰੱਖਣਾ ਜ਼ਰੂਰੀ ਹੈ। ਤੀਹ ਦਿਨ ਤੱਕ ਬੱਚੇ ਦੀ ਸੁਰੱਖਿਆ ਲਈ ਉਸਦੇ ਬਰਤਨ ਵੀ ਅਲੱਗ ਰੱਖੇ ਜਾਂਦੇ। ਉਸਦੇ ਅਲੱਗ ਕਮਰੇ ਵਿਚ ਉਸ ਨੂੰ ਉਪਰੀਆਂ ਭਲਾਵਾਂ

ਤੋਂ ਬਚਾਉਣ ਲਈ ਉਸਦੇ ਮੰਜੇ ਹੇਠ 'ਗਊ ਮੂਤਰ' ਰੱਖਿਆ ਜਾਂਦਾ ਹੈ। ਜਿਸਦਾ ਪ੍ਰਯੋਗ ਇਸਤਰੀ ਦੇ ਸਿਰ ਧੋਵਣ' ਸਮੇਂ ਵੀ ਕੀਤਾ ਜਾਂਦਾ ਹੈ।

ਤੀਹ ਦਿਨ ਦੇ ਸੂਤਕ ਖ਼ਤਮ ਹੋਣ ਤੋਂ ਬਾਅਦ ਹੀ ਬੱਚਾ ਬਿਸ਼ਨੋਈ ਸਮਾਜ ਵਿਚ ਪ੍ਰਵੇਸ਼ ਕਰਦਾ ਹੈ। ਇਸ ਦਿਨ 'ਹਵਨ' 'ਪਾਹਲ' ਤਿਆਰ ਕੀਤਾ ਜਾਂਦਾ ਹੈ ਅਤੇ ਰਿਸ਼ਤੇਦਾਰਾਂ ਨੂੰ ਸੱਦਾ ਪੱਤਰ ਭੇਜਿਆ ਜਾਂਦਾ ਹੈ। ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਸੂਤਕ ਪਾਤਕ ਤੋਂ ਬਾਅਦ 'ਜਲਵਾ ਪੂਜਨ' ਦੀ ਰਸਮ ਹੁੰਦੀ ਹੈ। ਇਹ ਸੂਤਕ ਪਾਤਕ ਤੋਂ ਬਾਅਦ ਕਦੋ ਵੀ (ਵਿਸ਼ੇਸ਼ ਕਰ ਐਤਵਾਰ) ਹੁੰਦੀ ਹੈ। ਇਸ ਦਿਨ ਸ਼ਾਮ ਨੂੰ ਨਵਜੰਮੇ ਬੱਚੇ ਦੀ ਮਾਂ ਸਿਰ ਉਪਰ ਪਾਣੀ ਦਾ ਘੜਾ ਲੈ ਕੇ ਪਾਣੀ ਲੈਣ ਜਾਂਦੀ ਹੈ। ਸੂਰਜ ਦੀ ਪੂਜਾ ਕਰਦੀ ਹੈ।

ਬਿਸ਼ਨੋਈ ਸਮਾਜ ਵਿਚ ਇਸਤਰੀਆਂ ਤਿੰਨ ਤਰ੍ਹਾਂ ਦਾ ਉਢਣੀਆਂ ਉਢਦੀਆਂ ਹਨ। 'ਪੀਲੋ'  ਜਨਮ ਸਮੇਂ ਪਹਿਨਦੀਆਂ ਹਨ। 'ਚੂੰਦੜੀ' ਵਿਆਹ ਮੌਕੇ ਭੈਣ ਵੀਰ ਵਲੋਂ ਲਿਆਦਾਂ ਓਢਣੀਆਂ ਪਾਇਆ ਜਾਂਦਾ ਹੈ ਤੇ ਪੁੱਤਰ ਪ੍ਰਾਪਤੀ ਤੋਂ ਪਹਿਲਾਂ 'ਪੋਮਚੋ' ਨਾ ਦਾ ਓਢਣੀਆਂ ਲਿਆ ਜਾਂਦਾ ਹੈ।

'ਪੀਲੋ' ਸੰਬੰਧੀ ਇਸਤਰੀਆਂ ਵਿਚ ਖਿੱਚ ਉਦੋਂ ਤੋਂ ਹੀ ਉਤਪੰਨ ਹੋਣ ਲੱਗ ਜਾਂਦੀ ਹੈ, ਜਦੋਂ ਕਿ ਲੜਕੇ ਦੀ ਪ੍ਰਾਪਤੀ ਹੋ ਜਾਵੇ। ਇਸਤਰੀਆਂ ਵਲੋਂ ਪੇਕੇ ਘਰ ਦਿਆਂ ਨੂੰ ਸੂਤਕ-ਘਾਤਕ ਦੇ ਖ਼ਤਮ ਹਣ ਤੋਂ ਪਹਿਲਾਂ ਹੀ ਸੁਚੇਤ ਕਰ ਦਿੱਤਾ ਜਾਂਦਾ ਹੈ ਕਿ ਬੱਚੇ ਦੀ ਮਾਂ ਲਈ 'ਪੀਲੋ' ਦੀ ਇੰਤਜਾਮ ਕੀਤਾ ਜਾਵੇ ਤੇ ਇਸਤਰੀਆਂ ਦੀ ਮੰਗ ਰਹਿੰਦੀ ਹੈ ਕਿ ਉਹ 'ਪੀਲਾ' ਕੁਝ ਖਾਸ ਥਾਂ ਤੋਂ ਮੰਗਵਾਉਣਾ ਚਾਹੀਦਾ ਹੈ:

ਦਿੱਲੀ ਸ਼ਹਿਰ ਸੂੰ ਸਾਹਿਬ ਗੋਟਾ ਮੰਗਾਊ
ਜੱਚਾ ਨੈਂ ਪੀਲੋ ਜੜਾਉ ਗਾਡਾ ਮਾਰੂ ਜੀ

ਇਸ ਤਰ੍ਹਾਂ ਦਿੱਲੀ ਸ਼ਹਿਰ ਤੋਂ ਗੋਟਾ ਮੰਗਵਾਉਣ, ਪੀਲੋ ਉਤੇ ਮੋਰ, ਪਪੀਹਾ ਪੁਆਉਣ ਦੀ ਮੰਗ ਵੀ ਕੀਤੀ ਜਾਂਦੀ ਹੈ। ਜੋ ਕਿ ਬਿਸ਼ਨੋਈ ਸਮਾਜ ਦੇ ਲੋਕਾਂ ਦਾ ਜੀਵਾਂ ਨਾਲ ਪ੍ਰੇਮ ਦਾ ਸੰਕੇਤ ਹੈ। ਇਸ ਗੀਤ ਵਿਚ ਇਹ ਦੱਸਿਆ ਹੈ ਕਿ 'ਪੀਲੋ' ਓਢਣੀਆਂ ਦੇ ਕਿਨਾਰਿਆ ਉਤੇ ਪਪੀਹਾ ਮੋਰ ਹੋਣ ਅਤੇ ਵਿਚਕਾਰ 'ਚੰਨ' ਵੀ ਬਣਵਾਇਆ ਹੋਵੇ :

ਐਡੇ ਛੇਡੈ ਤੋਂ ਸਾਹਿਬ ਮੋਰ ਪਪੀਹਾ
ਬੀਚ ਮੇ ਚਾਂਦੀ ਗੋ ਚਾਂਦ ਕੁਰਾਉ ਗਾਡਾ ਮਾਰੂ ਜੀ

ਇੰਜ ਜਲਵਾ ਪੂਜਨ ਸਮੇਂ ਜਦੋਂ ਇਸਤਰੀ 'ਪੀਲੋ' ਓਢ ਕੇ ਬਸਤਰ ਪਾ ਕੇ ਜਾਂਦੀ ਹੈ ਤਾਂ ਸਾਰੇ ਹੀ ਉਸਦੀ ਪ੍ਰਸੰਸਾ ਕਰਦੇ ਹਨ:

ਪੀਲੋ ਤੋਂ ਓਢ ਜੱਚਾ ਪਾਣੀ ਨੈਂ ਚਾਲ੍ਹੀ
ਸਗਲੇ ਸ਼ਹਿਰ ਸਹਰਾਇਉ ਗਾਡਾ ਮਾਰੂ ਜੀ

ਜਲਵਾ ਪੂਜਨ ਸਮੇਂ ਘੂਘਰੀ, ਗੁੜ ਤੇ ਕਈ ਵਾਰ ਪਤਾਸੇ ਵੀ ਵੰਡੇ ਜਾਂਦੇ ਹਨ। ਇਹ ਸਭ ਘਰਾਂ ਵਿਚ ਵੰਡੇ ਜਾਂਦੇ ਹਨ। ਇਹ ਬੱਚੇ ਦੀ ਖੁਸ਼ੀ ਸਮੇਂ ਸਭ ਨੂੰ ਪ੍ਰਸਾਦ ਵਾਂਗ ਵੰਡੇ ਜਾਂਦੇ ਹਨ।

'ਜਲਵਾ ਪੂਜਨ' ਤੋਂ ਬਾਅਦ ਬੱਚੇ ਦੇ ਜਨਮ ਤੋਂ ਕੁਝ ਸਾਲਾਂ ਬਾਅਦ (10–11) ਬਾਅਦ 'ਜਨੇਊ' ਦੀ ਰਸਮ ਹੁੰਦੀ ਹੈ। ਇਸਨੂੰ 'ਸੁਗਰਾ' ਕਹਿੰਦੇ ਹਨ। ਇਸ ਸਮੇਂ ਲੜਕਾ/ਲੜਕੀ 'ਗਾਇਨਾ' ਜਾਂ ਬਿਸ਼ਨੋਈ ਸਾਧੂ ਕੋਲ ਜਾ ਕੇ 'ਗੁਰੂ ਮੰਤਰ' ਗ੍ਰਹਿਣ ਕਰਦੇ ਹਨ ਅਤੇ ਗੁਰੂ ਉਹਨਾਂ ਨੂੰ 'ਤੜਾਗੀ' ਦਿੰਦਾ ਹੈ। ਬਿਸ਼ਨੋਈ ਸਮਾਜ 'ਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਜਿਹੇ ਨਾ ਕਰਨ ਦੀ ਸੂਰਤ ਵਿਚ ਬਿਸ਼ਨੋਈ ਨੂੰ ਮੋਕਸ਼ ਦੀ ਪ੍ਰਾਪਤੀ ਨਹੀਂ ਹੁੰਦੀ। "*Without this ceremany a Bishnoi can not attain 'Moksha '*[14]

**ਵਿਆਹ ਸਮੇਂ ਦੀਆਂ ਰਸਮਾਂ** : ਜਵਾਨੀ ਜੀਵਨ ਦਾ ਬਸੰਤ ਰੂਪੀ ਭਾਗ ਹੈ ਅਤੇ ਵਿਆਹ ਬਸੰਤ ਰੁੱਤ ਵਿਚ ਮਿਲਿਆ ਹੋਇਆ ਮਿੱਠਾ ਫਲ ਹੈ। ਮਨੁੱਖੀ ਜੀਵਨ ਵਿਚ 'ਵਿਆਹ' ਅਜਿਹਾ ਸੰਸਕਾਰ ਹੈ, ਜੋ ਕਿ ਪ੍ਰਸੰਨਤਾ ਭਰਿਆ ਹੈ। ਵਿਆਹ ਦੁਆਰਾ ਹੀ ਇਸਤਰੀ-ਪੁਰਖ ਧਰਮ ਤੇ ਉਸਦੇ ਨਿਯਮਾਂ ਦੁਆਰਾ 'ਪਤੀ-ਪਤਨੀ' ਵਜੋਂ ਜਾਣੇ ਜਾਣ ਲੱਗਦੇ ਹਨ। ਇਸ ਲਈ ਵਿਆਹ ਨੂੰ ਧਾਰਮਿਕ ਪ੍ਰਥਾ ਅਧੀਨ ਰੱਖਿਆ ਜਾਂਦਾ ਹੈ। ਹਰੇਕ ਧਰਮ ਦੇ ਮੁਤਾਬਿਕ ਉਸ ਵਿਚ ਰਸਮਾਂ ਦਾ ਨਿਭਾਉ ਹੁੰਦਾ ਹੈ। ਬਿਸ਼ਨੋਈ ਸਮਾਜ ਦੀਆਂ ਰਸਮਾਂ ਦਾ ਅਧਿਐਨ ਕਰਦੇ ਹੋਏ (ਵਿਆਹ ਨਾਲ ਸੰਬੰਧਤ) ਇਹ ਗੱਲ ਜ਼ਰੂਰ ਆਖੀ ਜਾ ਸਕਦੀ ਹੈ ਕਿ ਜਿਥੇ ਜਨਮ ਸਮੇਂ 'ਪੁੱਤਰ ਦੇ ਜਨਮ' ਨੂੰ ਤਰਜੀਹ ਦਿੱਤੀ ਜਾਂਦੀ ਹੈ। ਉਥੇ ਵਿਆਹ ਮੌਕੇ ਬਹੁਤੀਆਂ ਰਸਮਾਂ ਦਾ ਨਿਭਾਅ 'ਇਸਤਰੀ' ਹੀ ਕਰਦੀ ਹੈ। ਇਹ ਹੀ ਕਾਰਨ ਹੈ ਕਿ ਬਿਸ਼ਨੋਈ ਸਮਾਜ ਦੀਆਂ ਇਸਤਰੀਆਂ ਕਰਕੇ ਹੀ ਬਹੁਤੀਆਂ ਰਸਮਾਂ ਜਿਉਂਦੀਆਂ ਜਾਗਦੀਆਂ ਹਨ। ਇੰਜ 'ਗਿਆਨੀ ਗੁਰਦਿੱਤ ਸਿੰਘ' ਵੀ ਰਸਮਾਂ ਦੀ ਅਧਿਐਨ ਕਰਦੇ ਸਮੇਂ ਇਨ੍ਹਾਂ ਬੁਢੀਆਂ ਨੂੰ 'ਰੈਫਰੈਂਸ ਬੁੱਕ' ਦਾ ਦਰਜਾ ਦਿੰਦਾ ਹੈ :

> *ਰਸਮਾਂ ਤੇ ਰੀਤਾ ਦਾ ਗਿਆਨ ਰੱਖਣ ਵਾਲੀਆਂ ਬੁਢੀਆਂ ਇਕ ਤਰ੍ਹਾਂ ਪਿੰਡ ਦੀ 'ਰੈਫਰੈਂਸ ਬੁੱਕ' ਵਾਂਗ ਹੁੰਦੀਆਂ ਹਨ, ਜਿੰਨ੍ਹਾਂ ਨੂੰ ਪੁਛੇ ਪੜਤਾਲੇ ਬਿਨਾਂ ਕੋਈ ਕੰਮ ਕਰਨਾ ਸਹੀ ਨਹੀਂ ਮੰਨਿਆ ਜਾਂਦਾ।*[15]

ਇੰਜ ਇਸਤਰੀਆਂ ਤੇ ਰਸਮਾਂ-ਰਿਵਾਜਾਂ ਦਾ ਆਪਸ ਵਿਚ ਗੂੜਾ ਸੰਬੰਧ ਹੈ। ਬਿਸ਼ਨੋਈ ਸਮਾਜ ਵਿਚ ਅੰਤਰ-ਜਾਤੀ ਵਿਆਹ ਪ੍ਰਵਾਨਿਤ ਨਹੀਂ ਹੈ। "*ਵਿਆਹ ਸਮੇਂ ਬਿਸ਼ਨੋਈ ਸਮਾਜ ਵਿਚ ਮਾਤਾ-ਪਿਤਾ, ਦਾਦਾ-ਨਾਨੀ ਉਪਜਾਤੀ ਦਾ ਰਿਸ਼ਤਾ ਨਹੀਂ ਹੋਣਾ ਚਾਹੀਦਾ। ਪਿਤਾ ਦੇ ਸੱਤਵੀ ਪੀੜ੍ਹੀ ਤੇ ਮਾਤਾ ਦੀ ਪੰਜਵੀ ਪੀੜ੍ਹੀ ਦੇ ਨਜਦੀਕੀ ਰਿਸ਼ਤੇ ਦਾ ਸੰਬੰਧ ਵੀ ਨਹੀਂ ਹੋਣਾ ਚਾਹੀਦਾ।*"[16] ਇਸ ਤਰ੍ਹਾਂ ਬਿਸ਼ਨੋਈ ਸਮਾਜ ਵਿਚ 'ਅੱਟਾ-ਸੱਟਾ' (ਅਦਲਾ-ਬਦਲੀ) ਵਿਆਹ ਅਤੇ ਸਮਾਜ ਵਿਚ ਸਮੂਹਿਕ ਵਿਆਹ ਪ੍ਰਥਾ ਵੀ ਪ੍ਰਚੱਲਿਤ ਹੈ। ਭਾਵ ਕਿ ਕਿਸੇ ਪਰਿਵਾਰ ਦੇ ਜੇਕਰ ਇਕ ਤੋਂ ਵਧੇਰੇ ਬਾਲਗ ਹਨ ਤਾਂ ਉਹਨਾਂ ਸਾਰਿਆਂ ਦਾ ਇਕੱਠਾ ਵੀ ਵਿਆਹ ਕਰ ਦਿੱਤਾ ਜਾਂਦਾ ਹੈ। ਬਿਸ਼ਨੋਈ ਪਰਿਵਾਰਾਂ ਵਿਚ ਚਾਰ-ਚਾਰ ਵਿਆਹ ਵੀ ਇਕੋਂ ਸਮੇਂ ਹੁੰਦੇ ਹਨ।

**ਮੰਗਣੀ (ਸਗਾਈ)** : ਬਿਸ਼ਨੋਈ ਸਮਾਜ ਵਿਚ ਵਿਆਹ ਦੀਆਂ ਰਸਮਾਂ ਦਾ ਸਿਲਸਿਲਾ ਮੰਗਣੀ (ਸ ਗਾਈ) ਦੀ ਰਸਮ ਤੋਂ ਹੀ ਆਰੰਭ ਹੁੰਦਾ ਹੈ। ਜਿਵੇਂ ਕਿ ਪਹਿਲਾ ਹੀ ਦੱਸਿਆ ਜਾ ਚੁੱਕਿਆ ਹੈ ਕਿ ਬਿਸ਼ਨੋਈ ਸਮਾਜ ਵਿਚ ਵਿਆਹ ਸਮੇਂ ਗੋਤਰਾਂ ਦਾ ਧਿਆਨ ਰੱਖਿਆ ਜਾਂਦਾ ਹੈ ਅਤੇ ਬਿਸ਼ਨੋਈ ਸਮਾਜ ਦੇ ਵਿਆਹ ਬਿਸ਼ਨੋਈ ਸਮਾਜ 'ਚ ਹੀ ਹੁੰਦੇ ਹਨ, ਅੰਤਰਜਾਤੀ ਵਿਆਹ ਪ੍ਰਵਾਨਿਤ ਨਹੀਂ ਹਨ। ਪਹਿਲੇ ਸਮੇਂ ਇਹ ਰਿਸ਼ਤਾ-ਪ੍ਰਣਾਲੀ ਦਾ ਕਾਰਜ ਲਾਗੀ/ਨਾਈ ਕਰਦੇ ਸਨ ਅਤੇ ਬਿਸ਼ਨੋਈ ਲੋਕ ਰਿਸ਼ਤੇ-ਨਾਤਿਆਂ ਦਾ ਸੰਬੰਧ ਮੇਲਿਆ ਉਪਰ ਵੀ ਜੋੜਦੇ ਸਨ। ਅਬੋਹਰ ਤਹਿਸੀਲ ਦੇ ਬਿਸ਼ਨੋਈਆਂ ਵਿਚ ਇਹ ਪ੍ਰਥਾ ਅਜੇ ਵੀ ਦੇਖਣ ਨੂੰ ਮਿਲਦੀ ਹੈ। ਸਗਾਈ ਦੀ

ਰਸਮ ਸਮੇਂ ਲੜਕੀ ਵਾਲੀ ਧਿਰ ਦੇ ਮੈਂਬਰ ਆਪਣੇ ਰਿਸ਼ਤੇਦਾਰਾਂ ਸਮੇਤ ਲੜਕੇ ਘਰ ਪਹੁੰਚਦੇ ਹਨ। ਲੜਕੇ ਦੇ ਕੁਮਕੁਮ ਦਾ ਟਿੱਕਾ, ਰੁਪਿਆ ਨਾਰੀਅਲ ਭੇਟ ਕਰਕੇ ਰਿਸ਼ਤਾ ਤੈਅ ਕਰਦੇ ਹਨ। ਇਸ ਤਰ੍ਹਾਂ ਹੀ ਲੜਕੇ ਦੀ 'ਰੋਕਾ ਰੋਕਾਈ' ਹੋ ਜਾਂਦੀ ਹੈ। ਬਿਸ਼ਨੋਈ ਸਮਾਜ ਵਿਚ ਸ਼ੁਭ ਮੌਕੇ ਤੇ ਗੁੜ ਵੰਡਿਆ ਜਾਂਦਾ ਹੈ ਤੇ ਇਸ ਮੌਕੇ ਵੀ ਗੁੜ ਵੰਡਿਆ ਜਾਣਾ ਲਾਜਮੀ ਹੈ। ਇੰਜ ਲੜਕੇ ਵਾਲੇ ਲੜਕੀ ਵਾਲਿਆ ਨੂੰ ਗੁੜ ਦੇ ਕੇ ਵਿਦਾ ਕਰਦੇ ਹਨ।

ਲੜਕੇ (ਵਰ) ਵਾਲਿਆਂ ਪਾਸੋ ਗੁੜ ਵੰਡਣ ਦੀ ਪ੍ਰਕ੍ਰਿਆ ਤੋਂ ਬਾਅਦ ਫਿਰ ਕਈ ਦਿਨਾਂ ਬਾਅਦ ਵਰ ਵਾਲੇ, ਕੰਨਿਆ ਦੇ ਘਰ ਜਾਂਦੇ ਹਨ ਅਤੇ ਕੰਨਿਆ ਲਈ ਆਟੀ-ਮੋਹਲੀ (ਵਾਲਾ ਤੇ ਲੱਗਣ ਵਾਲੀ ਪਰਾਦੇ ਵਾਂਗ), ਬੋਰਲਾ (ਸਿਰ ਦਾ ਗਹਿਣਾ) ਅਤੇ ਪਗੇਲਗਾਈ (ਪੈਰ ਛੂਹਣ ਦੀ ਰਕਮ) ਦੇ ਕੇ ਕੰਨਿਆਂ ਦੀ ਸਵੀਕ੍ਰਿਤੀ ਕੀਤੀ ਜਾਂਦੀ ਹੈ। ਇਸ ਮੌਕੇ ਵੀ ਮੁੜ ਵੰਡਿਆ ਜਾਂਦਾ ਹੈ ਅਤੇ ਗੁੜ ਦੇ ਕੇ ਵਿਦਾ ਕੀਤਾ ਜਾਂਦਾ ਹੈ।

ਬਿਸ਼ਨੋਈ ਸਮਾਜ ਵਿਚ ਸਗਾਈ ਦੀ ਰਸਮ ਮੌਖਿਕਤਾ ਰਾਹੀ ਵੀ ਪੱਕੀ ਕੀਤੀ ਜਾ ਸਕਦੀ ਹੈ।

**ਡੋਰਾ** : ਮੰਗਣੀ (ਸਗਾਈ) ਦੀ ਰਸਮ ਤੋਂ ਬਾਅਦ ਬਿਸ਼ਨੋਈ ਸਮਾਜ ਵਿੱਚ ਦੂਜਾ ਸਭ ਤੋਂ ਵੱਡਾ ਸੰਸਕਾਰ 'ਡੋਰਾ' ਹੈ। ਡੋਰਾ ਦੀ ਰਸਮ ਤੋਂ ਭਾਵ 'ਗੰਢਾਂ ਭੇਜਣੀਆਂ'। ਇਸ ਤਰ੍ਹਾਂ ਵਿਆਹ ਦਾ ਦਿਨ ਨਿਸ਼ਚਿਤ ਕਰਨ ਪਿੱਛੋ ਕੱਚੇ ਸੂਤ ਦੇ ਧਾਗੇ ਦੀਆਂ ਸੱਤ ਲੜਾਂ ਵਾਲੀਆਂ ਦੋ ਲੱਛੀਆਂ ਉੱਤੇ ਬਰਾਬਰ-ਬਰਾਬਰ ਗੰਢਾਂ ਮਾਰੀਆਂ ਜਾਂਦੀਆਂ ਹਨ। ਲੱਛੀਆਂ ਉਤੇ ਗੰਢਾਂ ਮਾਰਨ ਤੋਂ ਬਾਅਦ ਉਸ ਉਪਰ ਹਲਦੀ ਦਾ ਰੰਗ ਪਾਇਆ ਜਾਂਦਾ ਹੈ। ਇਕ ਲੱਛੀ ਕਿਸੇ ਵਿਸ਼ਵਾਸ ਵਾਲੇ ਪਾਤਰ (ਪਰ ਬਿਸ਼ਨੋਈ ਸਮਾਜ ਵਿਚ ਇਹ ਕਾਰਜ ਨਾਈ ਨਿਭਾਉਂਦਾ ਹੈ) ਦੇ ਹੱਥ ਲੜਕੇ ਘਰ ਭੇਜੀ ਜਾਂਦੀ ਹੈ। ਇਸ ਨੂੰ 'ਡੋਰਾ ਕਰਨਾ' ਕਹਿੰਦੇ ਹਨ। 'ਡੋਰਾ ਕਰਨ' ਸਮੇਂ ਰਿਸ਼ਤੇਦਾਰਾਂ ਨੂੰ ਗੁੜ ਵੰਡ ਕੇ ਵਿਦਾ ਕੀਤਾ ਜਾਂਦਾ ਹੈ।

ਨਾਈ ਦੇ ਹੱਥ ਜਦੋਂ ਡੋਰਾ ਭੇਜਿਆ ਜਾਂਦਾ ਹੈ ਤਾਂ ਉਹ ਲੜਕੇ ਦੇ ਪਿੰਡ ਪਹੁੰਚਦਿਆ ਹੀ ਇਕ ਖੇਜੜਲੀ (ਜੰਡ) ਦੀਆਂ ਟਹਿਣੀਆਂ ਲੈ ਕੇ ਜਾਂਦਾ ਹੈ। ਨਾਈ ਦੇ ਹੱਥ ਟਹਿਣੀਆਂ ਦੇਖ ਕੇ ਹੀ ਪਿੰਡ ਦੇ ਲੋਕਾਂ ਨੂੰ ਇਹ ਪਤਾ ਲਗ ਜਾਂਦਾ ਹੈ ਕਿ ਬਿਸ਼ਨੋਈਆਂ ਦੇ ਘਰ 'ਡੋਰਾ ਆਇਆ' ਹੈ। ਜੰਡ ਦੀਆਂ ਟਹਿਣੀਆਂ ਬਿਸ਼ਨੋਈ ਸਮਾਜ ਵਿਚ ਪ੍ਰਕ੍ਰਿਤੀ ਪ੍ਰੇਮ ਹੋਣ ਦਾ ਸੂਚਕ ਵੀ ਹੈ। ਨਾਈ ਦੁਆਰਾ ਲਿਆਂਦੇ ਗਏ ਡੋਰੇ ਨੂੰ ਨਾਈ ਘਰ ਦੇ ਕਿਸੇ ਬਜ਼ੁਰਗ ਵਿਅਕਤੀ ਨੂੰ ਸੌਂਪਦਾ ਹੈ। ਨਾਈ ਡੋਰੇ ਦੇ ਨਾਲ-ਨਾਲ ਸਾਹਿਆ ਚਿੱਠੀ 'ਵਿਆਹ ਪੱਤ੍ਰਿਕਾ' ਵੀ ਲਿਆਉਦਾ ਹੈ। ਨਾਈ ਦੁਆਰਾ ਲਿਆਂਦੇ ਗਏ ਡੋਰੇ ਰੂਪੀ ਜੰਡ (ਖੇਜੜਲੀ) ਦੀ ਟਹਿਣੀ ਨੂੰ ਘਰ ਦੀ ਉਚੀ ਜਗ੍ਹਾਂ ਉਤੇ ਬੰਨ ਦਿੱਤਾ ਜਾਂਦਾ ਹੈ। ਇਸਨੂੰ 'ਡੋਰਾ ਝਾਲਣਾ' ਕਹਿੰਦੇ ਹਨ। ਡੋਰਾ ਲਿਆਉਣ ਦੀ ਖੁਸ਼ੀ ਵਿਚ ਨਾਈ ਨੂੰ ਲਾਗ (ਨੇਗ) ਦਿੱਤਾ ਜਾਂਦਾ ਹੈ। ਨਾਈ ਨੂੰ ਕੰਬਲ ਵਗੈਰਾ ਆਮ ਤੌਰ ਤੇ ਹੀ ਦਿੱਤਾ ਜਾਂਦਾ ਹੈ। ਖੰਡ-ਘਿਉ ਖੁਆਉਣਾ ਨਾਈ ਨੂੰ ਸ਼ੁਭ ਸਗਨ ਮੰਨਿਆ ਜਾਂਦਾ ਹੈ। ਡੋਰੇ ਲਿਆਉਣ ਦੀ ਖੁਸ਼ੀ ਇੰਨੀ ਹੁੰਦੀ ਹੈ ਕਿ ਨਾਈ ਨੂੰ ਲਾਗ ਦੇਣ ਦੇ ਨਾਲ-ਨਾਲ ਉਸਨੂੰ ਘਰ ਦੀ ਇੱਕ ਔਰਤ ਦੁਆਰਾ ਹਲਦੀ ਦੀ ਥਾਪੀ ਸੱਜੇ ਹੱਥ ਨਾਲ ਲਗਾਉਂਦੀ ਹੈ ਇਸਨੂੰ 'ਥਾਪੀ ਲਗਾਉਣਾ' ਕਹਿੰਦੇ ਹਨ। ਇਸ ਤਰ੍ਹਾਂ ਡੋਰਾ (ਗੰਢਾ) ਨਾਲ ਸੰਬੰਧਿਤ ਗਿਆਨੀ ਗੁਰਦਿੱਤ ਸਿੰਘ ਵੀ ਲਿਖਦੇ ਹਨः

*ਵਿਆਹ ਸ਼ਾਦੀਆਂ ਵਿਚ ਇਕ ਵੱਡਾ ਕੰਮ ਹੁੰਦਾ ਹੈ ਨਾਈ ਰਾਹ ਸਾਕ ਸਾਕ ਨਾਤੇ ਨੂੰ ਤਿੱਥ (ਤਾਰੀਖ) ਦਾ ਪਤਾ ਦੇਣਾ, ਅਰਥਾਤ ਗੰਢਾ ਭੇਜਣੀਆਂ। ਲਿੱਪੀਆਂ ਦੇ ਖੋਜੀ ਦੱਸਦੇ ਹਨ ਕਿ ਜਦ ਅੱਖਰ ਨਹੀਂ ਬਣੇ ਸੀ, ਲੋਕੀ ਗੱਲਾਂ ਯਾਦ ਰੱਖਣ ਲਈ ਆਪਣੇ ਪਰਨੇ ਜਾਂ ਕਿਸੇ ਰੱਸੀ ਨੂੰ ਗੰਢਾਂ ਪਾ ਲੈਂਦੇ ਸੀ, ਤਾਂ ਜੁ ਉਸ ਨੂੰ ਦੇਖ ਕੇ ਗਲ ਯਾਦ ਆ ਜਾਏ ਕਿ ਇਹ ਗੰਢ ਜਿਸ ਗਲ ਕਰਕੇ ਦਿੱਤੀ ਸੀ, ਉਹ ਇਕਰਾਰ ਪੂਰਾ ਹੋਇਆ ਹੈ ਕਿ ਨਹੀਂ ?* [17]

ਇਸ ਤਰ੍ਹਾਂ ਬਿਸ਼ਨੋਈ ਸਮਾਜ ਵਿਚ ਡੋਰੇ ਦੀ ਰਸਮ ਮੰਗਣੀ (ਸਗਾਈ) ਤੇ ਵਿਆਹ ਵਿਚਕਾਰ ਇਕ ਬਹੁਤ ਵੱਡੀ ਰਸਮ ਹੈ। ਇਹ ਵਿਆਹ ਦੀ ਪ੍ਰਮਾਣਿਕਤਾ ਦਾ ਪ੍ਰਮੁੱਖ ਪਛਾਣ ਚਿੰਨ੍ਹ ਹੈ।

ਡੋਰੇ ਦੀ ਰਸਮ ਤੋਂ ਬਾਅਦ ਨਾਈ ਦੇ ਹੱਥ ਵਿਆਹ ਦਾ ਸੰਦੇਸ਼ 'ਪੀਲੇ ਚਾਵਲ' ਭੇਜ ਕੇ ਕੀਤਾ ਜਾਂਦਾ ਹੈ। ਮੌਜੂਦਾ ਸਮੇਂ ਇਹ ਕਾਰਜ ਕਾਰਡ ਕਰਦੇ ਹਨ ਪਰ ਬਿਸ਼ਨੋਈ ਸਮਾਜ ਵਿਚ ਅੱਜ ਵੀ ਬਹੁਤੇ ਬਿਸ਼ਨੋਈ 'ਪੀਲੇ ਚਾਵਲਾਂ' ਰਾਹੀਂ ਵੀ ਸੰਦੇਸ਼ ਭੇਜਦੇ ਹਨ। ਡੋਰੇ ਦੀ ਰਸਮ ਪਿਛੋਂ ਦੋਵਾਂ ਘਰਾਂ ਵਿਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ।

**ਵਿਨਾਇਕ ਬਿਠਾਉਣਾ** : ਬਿਸ਼ਨੋਈ ਸਮਾਜ ਵਿਚ ਸ੍ਰੀ ਗਣੇਸ਼ ਦੀ ਪੂਜਾ ਵੀ ਕੀਤੀ ਜਾਂਦੀ ਹੈ। ਵਿਆਹ ਦਾ ਕਾਰਜ ਵੀ ਗਣੇਸ਼ ਜੀ ਦੀ ਪੂਜਾ ਨਾਲ ਹੀ ਆਰੰਭ ਕੀਤਾ ਜਾਂਦਾ ਹੈ ਤਾਂ ਜੋ ਵਿਆਹ ਵਿਚ ਕਿਸੇ ਪ੍ਰਕਾਰ ਦੀ ਔਕੜ ਨਾ ਆਵੇ। ਜਿਸ ਥਾਂ ਤੇ 'ਪਿੱਠੀ' (ਵਟਣਾ) ਲਗਾਇਆ ਜਾਂਦਾ ਹੈ ਉਥੇ ਗਣੇਸ਼ ਜੀ ਦੀ ਸਥਾਪਨਾ ਕੀਤੀ ਜਾਂਦੀ ਹੈ। ਗਣੇਸ਼ ਜੀ ਦਾ ਚਿੱਤਰ ਬਣਾਇਆ ਜਾਂਦਾ ਹੈ। ਇਸਨੂੰ ਵਿਨਾਇਕ ਬਿਠਾਉਣਾ ਕਹਿੰਦੇ ਹਨ। ਬਿਸ਼ਨੋਈ ਸਮਾਜ ਵਿਚ 7,5,3 ਦਿਨ ਵਿਆਹ ਤੋਂ ਪਹਿਲਾ ਵਿਨਾਇਕ ਬਿਠਾਉਣਾ ਜ਼ਰੂਰੀ ਹੈ। ਗਣੇਸ਼ ਦੀ ਮਹੱਤਤਾ ਸੰਬੰਧੀ ਵਣਜਾਰਾ ਬੇਦੀ ਵੀ ਲਿਖਦੇ ਹਨ: *ਗਣੇਸ਼ ਅਕਲ ਦਾ ਦੇਵਤਾ ਹੈ ਅਤੇ ਰੁਤ ਸੰਕਟ, ਹਰਨ, ਵਿਘਨ ਵਿਨਾਸਨ ਹੈ।ਇਸ ਦੀ ਪੂਜਾ ਮੁਸੀਬਤਾਂ ਤੇ ਔਕੜਾਂ ਤੋਂ ਰੱਖਿਆ ਕਰਨ ਲਈ ਕੀਤੀ ਜਾਂਦੀ ਹੈ।* [18]

ਇਸ ਤਰ੍ਹਾਂ 'ਵਿਨਾਇਕ ਬਿਠਾਉਣਾ' ਨਾਲ ਬਿਸ਼ਨੋਈ ਸਮਾਜ ਵਿਚ ਵਿਧੀਵਤ ਤਰੀਕੇ ਨਾਲ ਰਸਮਾਂ ਦਾ ਆਰੰਭ ਹੁੰਦਾ ਹੈ।

**ਮੂਨਣੀ ਬਧਾਰਣਾ** : ਵਿਨਾਇਕ ਬੈਠਣ ਸਮੇਂ ਇਕ ਹੋਰ ਰਸਮ ਹੋਰ ਹੁੰਦੀ ਹੈ ਜਿਸਨੂੰ 'ਮੂਨਣੀ ਬਧਾਰਣਾ' ਕਹਿੰਦੇ ਹਨ। ਪਿੰਡ ਦਾ ਚੌਕੀਦਾਰ, ਲਾਗੀ ਆਦਿ ਇਕ ਸੰਦ ਜੱਫੇ ਜਾਂ ਸਲੰਘ ਵਿਚ ਕੁਝ ਕਰੀਰ (ਕੇਰ) ਅਤੇ ਜੰਡ (ਖੇਜੜਲੀ) ਦੀਆਂ ਟਹਿਣੀਆ ਲੈ ਕੇ ਮੁੰਡੇ ਵਾਲੇ ਘਰ ਆਉਂਦਾ ਹੈ। ਜਿਸਨੂੰ 'ਮੂਨਣੀ ਬਧਾਰਣਾ' ਕਹਿੰਦੇ ਹਨ। ਕਈ ਵਾਰ ਇਹ ਟਹਿਣੀਆਂ ਬਲਦ/ਊਠ ਗੱਡੀ ਉਤੇ ਵੀ ਲਿਆਂਦੀਆਂ ਜਾਂਦੀਆਂ ਹਨ ਫਿਰ ਉਸ ਸਮੇਂ ਊਠ ਜਾਂ ਬਲਦ ਨੂੰ ਮੇਥੀ ਦਾ ਬਣਿਆ ਹੋਇਆ ਲੱਡੂ ਖੁਆਇਆ ਜਾਂਦਾ ਹੈ। ਮਾਂ ਲਾਗੀ ਦੀ ਆਰਤੀ ਕਰਦੀ ਹੈ। ਉਸ ਨੂੰ ਲਾਗ ਦਿੱਤਾ ਜਾਂਦਾ ਹੈ। ਚਾਰੇ ਦਿਸ਼ਾਵਾਂ ਵਿਚ ਕਾਂਸੀ ਦੀ ਥਾਲੀ ਵਿੱਚ ਰੱਖੇ ਪੇੜੇ (ਆਟੇ) ਸਿੱਟੇ ਜਾਂਦੇ ਹਨ ਜੋ ਕਿ ਬੁਰੀਆਂ ਬਲਾਵਾਂ ਤੋਂ ਬਚਨ ਦਾ ਸੰਕੇਤ ਹਨ। ਇਸ ਤਰ੍ਹਾਂ ਵਿਆਹ ਦੀਆਂ ਰਸਮਾਂ ਸਮੇਂ ਜੀਵਾਂ ਅਤੇ ਦਰੱਖਤਾਂ ਦੀ ਧੂਜਾ ਕਰਨੀ ਬਿਸ਼ਨੋਈ ਲੋਕਾਂ ਦੇ ਵਾਤਾਵਰਨ ਤੇ ਜੀਵਾਂ ਨਾਲ ਪਿਆਰ ਦਾ ਸੰਦੇਸ਼ ਦਿੰਦੀਆਂ ਹਨ। ਇਹ ਰਸਮਾਂ ਬਿਸ਼ਨੋਈ ਖੇਤੀ-ਬਾੜੀ ਧੰਦੇ ਨਾਲ ਵੀ ਸੰਬੰਧਤ ਹਨ।

**ਪਿੱਠੀ ਲਗਾਉਣਾ (ਵਟਣਾ)** : ਵਿਨਾਇਕ ਬਿਠਾਉਣ ਦੀ ਰਸਮ ਨਾਲ ਹੀ ਕਈ ਰਸਮਾਂ ਦਾ ਆਰੰਭ ਹੋਣਾ ਸੁਭਾਵਿਕ ਹੈ। ਇਹ ਸਿਲਸਿਲਾ ਵਿਨਾਇਕ ਬੈਠਣ ਤੋਂ ਲੈ ਕੇ ਵਿਆਹ ਵਾਲੇ ਦਿਨ ਤੱਕ ਨਿਰੰਤਰ ਚਲਦਾ ਰਹਿੰਦਾ ਹੈ। ਪਿੱਠੀ ਲਗਾਉਣ ਲਈ ਮੂੰਗ, ਕਣਕ ਤੇ ਹਲਦੀ ਦਾ ਵਟਣਾ ਤਿਆਰ ਕੀਤਾ ਜਾਂਦਾ ਹੈ। ਇਹ ਵੱਟਣਾ ਸੱਤ ਸੁਹਾਗਣਾ ਦੁਆਰਾ ਚੱਕੀ ਵਿਚ ਤਿਆਰ ਕੀਤਾ ਜਾਂਦਾ ਹੈ। ਚੱਕੀ ਨੂੰ ਸੋਹਣੀ ਤਰ੍ਹਾਂ ਸ਼ਿੰਗਾਰਿਆਂ ਜਾਂਦਾ ਹੈ। "*ਇਹ ਸੱਤ ਸੁਹਾਗਣਾ ਵਿਆਹ ਦੇ ਹਰ ਕੰਮ ਲਈ ਇਕੱਠੀਆਂ ਹੁੰਦੀਆਂ ਹਨ। ਇਕ ਸਮਾਂ ਉਹ ਵੀ ਸੀ ਜਦੋਂ ਇਹਨਾਂ ਵਿਚੋਂ ਇਕ ਵੀ ਘੱਟ ਹੋਵੇ ਤਾਂ ਕੋਈ ਰਸਮ ਸ਼ੁਰੂ ਨਹੀਂ ਸੀ ਹੁੰਦੀ।*"[19]

ਜਿਸ ਜਗਾਂ ਤੇ ਪਿੱਠੀ ਲਗਾਈ ਜਾਂਦੀ ਹੈ ਉਥੇ ਗਣੇਸ਼ ਜੀ ਦੀ ਮੂਰਤੀ ਜਾਂ ਗੁਰੂ ਜੰਬੇਸ਼ਵਰ ਜੀ ਤਸਵੀਰ ਨਾਲ ਲੜਕੇ ਲੜਕੀ ਦਾ ਨਾਮ ਵੀ ਲਿਖਿਆ ਜਾਂਦਾ ਹੈ।

**ਬਨੋਰਾ (ਦਾਵਤਾਂ)** : 'ਵਿਨਾਇਕ ਬਿਠਾਉਣ' ਦੇ ਨਾਲ-ਨਾਲ 'ਬਨੋਰਿਆਂ' ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। 'ਬਨੋਰਾ' (ਦਾਵਤਾਂ) ਬਿਸ਼ਨੋਈ ਸਮਾਜ ਵਿਚ ਬਨੜਾ-ਬਨੜਾ ਦੇ ਨਜ਼ਦੀਕੀ ਰਿਸ਼ਤੇਦਾਰ, ਮਿੱਤਰ ਬਨੋਰਿਆਂ ਤੇ ਸੱਦਾ ਪੱਤਰ ਭੇਜਦੇ ਹਨ, ਤੇ ਵਿਆਹ ਵਿਚ ਪਹੁੰਚੇ ਹੋਏ ਸਾਰੇ ਰਿਸ਼ਤੇਦਾਰ ਉਸ 'ਬਨੋਰਾ ਦੇਣ' ਵਾਲੇ ਘਰ ਪਹੁੰਚਦੇ ਹਨ। 'ਬਨੋਰਾ ਦੇਣ' ਵਾਲੇ ਇਸ ਸਮੇਂ ਖ਼ਾਸ ਧਿਆਨ ਇਹ ਰੱਖਦੇ ਹਨ ਕਿ ਜਿਸ ਘਰੋਂ ਪਹਿਲਾਂ ਉਹਨਾਂ ਨੂੰ ਜਿਹੋ ਜਿਹਾ ਸੱਦਾ ਆਇਆ ਹੁੰਦਾ ਹੈ, ਉਸ ਦੇ ਆਧਾਰਿਤ ਤੇ ਹੀ ਅਗਲੇ ਘਰ ਸੱਦਾ ਪੱਤਰ ਭੇਜਿਆ ਜਾਂਦਾ ਹੈ। ਬਨੋਰੇ ਵਿਚ ਦੋਵੇ ਘਰਾਂ ਵਿਚ ਬਨੜਾ-ਬਨੜਾ ਵੀ ਸ਼ਾਮਲ ਹੁੰਦੇ ਹਨ। ਇਹਨਾਂ ਦੀ ਆਰਤੀ ਕੀਤੀ ਜਾਂਦੀ ਹੈ। ਜਿਸ ਘਰ ਵਿਚ ਬਨੋਰਾ ਹੁੰਦਾ ਹੈ ਉਹ ਆਰਤੀ ਉਤਾਰਦੇ ਹਨ :

-ਆਰਤੜੋ ਕਰ ਕਾਕੀ, ਲਾਡੋ ਬਾਹਰ ਖੜਿਉ

-ਆਰਤੜੋ ਕਰ ਭੂਆ, ਲਾਡੋ ਬਾਹਰ ਖੜਿਉ

ਬਨੋਰੇ ਦੇ ਮੌਕੇ ਸਭਨਾ ਨੂੰ ਭੋਜਨ ਛਕਾਇਆ ਜਾਂਦਾ ਹੈ। ਭੋਜਨ ਵਿਚ ਕੜ੍ਹੀ ਤੇ ਕੜਾਹ (ਸੀਰਾ), ਜ਼ਰੂਰੀ ਹੁੰਦੇ ਹਨ। ਇਥੇ ਕਈ ਵਾਰ ਖਾਣ-ਪੀਣ ਦੀ ਜਿੱਦ ਕਾਰਨ ਦ੍ਰਿਸ਼ ਵੇਖਣ ਵਾਲਾ ਮਿਲ ਜਾਂਦਾ ਹੈ। ਬਿਸ਼ਨੋਈ ਲੋਕਾਂ ਵਿਚ, ਕਿਲੋਆਂ ਦਾ ਕਿਲੋਆਂ ਘਿਉ ਪੀਣ ਵਾਲੇ ਸ਼ਖਸ਼ ਵੀ ਮੌਜੂਦ ਹੁੰਦੇ ਸਨ, ਬਿਸ਼ਨੋਈ ਸਮਾਜ ਵਿਚ ਇਕ ਅੱਧ ਅੱਜ ਵੀ ਘਿਉ ਪੀਣ ਵਾਲਾ ਮਿਲ ਜਾਂਦਾ ਹੈ। ਖਾਣ ਸਮੇਂ ਇਹਨਾਂ ਦਾ ਨਿਵੇਕਲਾ ਹੀ ਢੰਗ ਹੈ ਕਈ ਬਜ਼ੁਰਗ ਲੋਕ ਕੜ੍ਹੀ ਤੇ ਕੜ੍ਹਾਹ ਮਿਲਾ ਕੇ ਖਾਂਦੇ ਹਨ ਤੇ ਬਾਹਾਂ ਤੱਕ ਲਮਕਦੇ ਮਿਸ਼ਰਣ ਨੂੰ ਸੂਟੇ ਮਾਰਦੇ ਨਜਰ ਆਉਂਦੇ ਹਨ।

ਬਨੋਰਿਆ ਦਾ ਸਿਲਸਿਲਾ ਅਜਿਹਾ ਹੁੰਦਾ ਹੈ ਕਿ ਆਂਢ-ਗੁਆਂਢ ਦੇ ਪਿੰਡਾ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਬਿਸ਼ਨੋਈਆ ਦੇ ਵਿਆਹ ਹੈ। ਅਬੋਹਰ ਦੇ ਬਿਸ਼ਨੋਈ ਢਾਣੀਆਂ ਦੇ ਨੇੜੇ-ਤੇੜੇ ਪਿੰਡਾਂ ਵਿਚ ਵੱਸੇ ਹੋਣ ਕਰਕੇ ਇਕ ਦੂਜੇ ਪਿੰਡਾਂ ਵਿਚ 'ਬਨੋਰਾ ਕੱਢਣ' ਵੀ ਜਾਂਦੇ ਹਨ। 'ਬਨੋਰਿਆ' ਦੀ ਰਸਮ ਦਾ ਨਜ਼ਾਰਾ ਦਿਲਕਸ਼ ਹੁੰਦਾ ਹੈ।

**ਬਨੜਾ-ਬੰਨੜੀ** : ਬਨੋਰਾ, ਪਿੱਠੀ ਲਗਾਉਣਾ ਦੇ ਨਾਲ-ਨਾਲ ਜਿਸ ਦਿਨ ਵਿਨਾਇਕ ਬੈਠਦਾ ਹੈ ਉਸ ਦਿਨ ਤੋਂ ਇਹਨਾਂ ਨਵ ਜੋੜਿਆਂ ਲਈ ਬੰਨੜਾ-ਬੰਨੜੀ ਦੇ ਗੀਤ ਗਾਏ ਜਾਂਦੇ ਹਨ। ਜਿਸ ਵਿਚ ਬੰਨੜਾ-ਬੰਨੜੀ ਦੀ ਇੱਛਾ ਹੁੰਦੀ ਹੈ। ਬੰਨੜਾ-ਬਨੜੀ ਦੇ ਵਿਆਹ ਦੀ ਸੂਚਨਾ ਬਾਰੇ ਇਸਤਰੀਆਂ ਇੰਜ ਗੀਤ ਗਾਉਦੀਆਂ ਹਨ :

ਛਪ ਗਈਆਂ ਛਪ ਗਈਆਂ
ਅਖ਼ਬਾਰ ਬੰਨੀ ਤੇਰੀ ਸ਼ਾਦੀ ਕੀਆਂ
ਦਾਦੀ ਤੇਰੀ ਸਗਨ ਮਨਾਵੈ
ਦਾਦਾ ਪੜ੍ਹੇ ਅਖਬਾਰ ਬੰਨੀ

ਇਸੇ ਤਰ੍ਹਾਂ ਵਰ ਦੀ ਕਾਮਨਾ ਸੰਬੰਧੀ ਵੀ ਇਕ ਬਿਸ਼ਨੋਈ ਗੀਤ ਪ੍ਰਚੱਲਿਤ ਹੈ :

ਕਾਲੇ ਬੰਨੇ ਨੈ ਮਤ ਬਿਆਹੀਏ ਮੇਰੀ ਮਾਂ
ਡਰ ਲਾਗੈ ਅੰਧੇਰੇ ਮੇਂ

ਇਸ ਤਰ੍ਹਾਂ ਬੰਨੜਾ-ਬੰਨੜੀ ਦੇ ਗੀਤ ਚਲਦੇ ਰਹਿੰਦੇ ਹਨ।

**ਰਾਤੀ ਜੋਗਾ** : ਵਿਆਹ ਤੋਂ ਇਕ ਦਿਨ ਪਹਿਲਾ 'ਜਾਗਰਨ' ਹੁੰਦਾ ਹੈ ਇਸ ਰਾਤ ਵਿਚ ਬੰਨਾ-ਬੰਨੜੀ ਦੇ ਹੱਥਾਂ ਪੈਰ੍ਹਾਂ ਨੂੰ ਮੇਂਹਦੀ ਲਗਾਈ ਜਾਂਦੀ ਹੈ। ਇਥੇ ਹੀ ਇਸਤਰੀਆਂ ਗੁੜ ਜਾਂ ਖੰਡ ਖੋਪਰੇ ਦਾ ਪ੍ਰਸਾਦ ਵੰਡਦੇ ਹਨ ਜਿਸਨੂੰ ਬਿਸ਼ਨੋਈ 'ਸੂੰਠਸਮਰਕਾ' ਕਹਿੰਦੇ ਹਨ।

**ਭਾਤ ਭਰਨਾ (ਮਾਇਰਾ)** : ਵਿਆਹ ਵਿਚ ਨਾਨਕਿਆਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ ਬਿਸ਼ਨੋਈ ਸਮਾਜ ਵਿਚ ਵੀ ਵਿਆਹ ਮੌਕੇ ਨਾਨਕੇ 'ਭਾਤ ਭਰਦੇ' ਹਨ ਭੈਣ ਆਪਣੇ ਵੀਰ ਘਰ ਪਹਿਲਾ ਹੀ ਸੱਦਾ ਦੇ ਕੇ ਆਉਂਦੀ ਹੈ ਕਿ ਉਹ ਆਪਣੇ ਭਾਣਜੇ/ਭਾਣਜੀ ਦੇ ਵਿਆਹ ਵਿਚ ਜ਼ਰੂਰ ਪਹੁੰਚਣ। ਇਸ ਮੌਕੇ ਫਿਰ ਨਾਨਕੇ ਬੰਨਾ-ਬੰਨੜਾ ਲਈ ਖ਼ੂਬ ਸਾਰਾ ਸਮਾਨ ਲੈ ਕੇ ਆਉਂਦੇ ਹਨ। ਭਾਤ ਲਿਆਉਣ ਵਾਲੇ ਹਰੇਕ ਜੀਅ ਦੇ ਟਿੱਕਾ ਲਗਾਇਆ ਜਾਂਦਾ ਹੈ ਜਿਸਨੂੰ 'ਟੀਕਾਵਣੀ' ਕਹਿੰਦੇ ਹਨ। ਇਹ ਰਸਮ ਪੰਜਾਬੀ ਸਭਿਆਚਾਰ ਦੇ ਵਾਂਗ ਹੀ ਹੈ ਜਿਵੇਂ ਇਸ ਸੰਬੰਧੀ ਗੁਲਜਾਰ ਸਿੰਘ ਸੰਧੂ ਲਿਖਦਾ ਹੈ :

> *ਵਿਆਹ ਤੋਂ ਇਕ ਦਿਨ ਪਹਿਲਾਂ ਸੱਦੇ ਹੋਏ ਅੰਗ-ਸਾਕ ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਸਭ ਤੋਂ ਵਧੇਰੇ ਮੇਲ ਨਾਨਕਿਆਂ ਦਾ ਹੁੰਦਾ ਹੈ, ਜਿਹੜੇ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਗਹਿਣੇ, ਬਿਸਤਰੇ, ਪਲੰਘ ਬਰਤਨ ਤੇ ਕੱਪੜੇ-ਲੀੜੇ ਲੈ ਕੇ ਆਉਦੇ ਹਨ।*[20]

ਇਸ ਮੌਕੇ ਵੀਰ ਆਪਣੀ ਭੈਣ ਲਈ 'ਚੁੰਦੜੀ' ਓਢਣੀਆ ਲੈ ਕੇ ਆਉਂਦਾ ਹੈ। ਜਿਵੇਂ ਜਨਮ ਸਮੇਂ 'ਪੀਲੋ' ਦੀ ਮਹੱਤਤਾ ਹੈ ਉਸ ਤਰ੍ਹਾਂ 'ਚੂੰਦੜੀ' ਵੀ ਵਿਸ਼ੇਸ਼ ਪਹਿਰਾਵਾ ਹੈ। ਇਸ ਪ੍ਰਥਾਇ ਇਹ ਵੀ ਪ੍ਰਚੱਲਿਤ ਹੈ ਕਿ *"ਗੁਰੂ ਜਾਭੂੰ ਜੀ ਵੀ ਆਪਣੀ ਭੈਣ ਨੌਰੰਗੀ (ਉਮਾ) ਦੀ ਭਾਤ ਭਰਨ ਰੋਟੂ ਗਏ ਸਨ।"*[21] ਇਹ ਪ੍ਰਥਾ ਬਿਸ਼ਨੋਈ ਸਮਾਜ ਵਿਚ ਅੱਜ ਕੁਰੀਤੀ ਦੀ ਰੂਪ ਵੀ ਧਾਰਨ ਕਰਦੀ ਜਾ ਰਹੀ ਹੈ। ਆਰਥਿਕ ਪੱਖੋਂ ਖੁਸ਼ਹਾਲ ਹੋਣ ਕਰਕੇ ਬਿਸ਼ਨੋਈਆਂ ਵਿਚ ਹਜ਼ਾਰਾਂ ਲੱਖਾਂ ਦੀ ਮਾਇਰਾ ਭਾਤ ਵਿਚ ਭੇਟ ਕੀਤੀ ਜਾਂਦੀ ਹੈ।

**ਝੋਲ ਘਾਤਣਾ** : ਪਿੱਠੀ ਲਗਾਉਣਾ (ਵੱਟਣਾ) ਦੀ ਰਸਮ ਵਿਆਹ ਵੇਲੇ ਦਿਨ ਤੱਕ ਲਗਾਤਾਰ ਚਲਦੀ ਰਹਿੰਦੀ ਹੈ। ਪਰ ਵਿਆਹ ਵਾਲੇ ਦਿਨ ਇਹ ਰਸਮ ਦਾ ਨਿਭਾਉ ਕੁਝ ਖਾਸ ਉਚੇਚ ਨਾਲ ਕੀਤਾ ਜਾਂਦਾ ਹੈ। ਇਸ ਦਿਨ ਮਾਂ ਪਿੱਠੀ ਲਾਉਦੇ ਸਮੇਂ ਸਿਰ, ਗੋਡਿਆਂ ਤੇ ਪੈਰਾਂ ਤੇ ਪਿੱਠੀ ਲਾਉਂਦੀ ਹੋਈ ਸਿਰ ਉਪਰ ਦਹੀ ਪਾਉਂਦੀ ਹੈ। ਇਸ ਨੂੰ 'ਝੋਲ ਘਾਤਣਾ' ਕਹਿੰਦੇ ਹਨ। ਇਸ ਸਮੇਂ ਨਾਈ ਸਭ ਨੂੰ ਸੱਦਾ ਪੱਤਰ ਦਿੰਦਾ ਹੈ ਕਿ 'ਝੋਲ ਘਾਤੀ' ਜਾਵੇ ਝੋਲ ਗਾਤੋ। ਇਸ ਸਮੇਂ ਜਵਾਈ ਕਈ ਵਾਰ ਮਿੰਨਤਾ ਤਰਲਾ ਵੀ ਕਰਵਾਉਂਦੇ ਹਨ। ਜਿਉਂ-ਜਿਉਂ ਜੋ ਵੀ ਰਿਸ਼ਤੇਦਾਰ ਮਿੱਤਰ 'ਝੋਲ ਘਾਤਦਾ' ਹੈ ਉਸ ਦਾ ਨਾਮ ਲੈ ਕੇ ਉਸ ਨੂੰ ਅਸੀਸ ਦਿੱਤੀ ਜਾਂਦੀ ਹੈ :

-ਥੇ ਜੁਗ ਜੀਉ ਲਾਡਲਾ ਗੇ ਪਿਤਾ ਜੀ ਮਾਉ ਜੀ

- ਥੇ ਜੁਗ ਜੀਉ ਲਾਡਲਾ ਗੇ ਭੂਆ ਜੀ ਫੁਫਾ ਜੀ

ਇਸ ਮੌਕੇ ਨਾਈ ਨੂੰ ਲਾਗ ਦਿੱਤਾ ਜਾਂਦਾ ਹੈ। 'ਝੋਲ ਘਾਤਣਾ' ਰਸਮ ਉਥੇ ਹੀ ਹੁੰਦੀ ਹੈ ਜਿਥੇ ਹਰ ਰੋਜ ਪਿੱਠੀ ਲਗਾਈ ਜਾਂਦੀ ਹੈ। ਭਾਬੀ ਅੱਖਾਂ ਵਿਚ ਸੁਰਮਾ ਪਾਉਂਦੀ ਹੈ। ਮਾਂ ਸੱਜੇ ਪਾਸੇ ਵਾਲੇ ਥਣ ਦਾ ਦੁੱਧ ਬੱਚੇ (ਬੰਨੜੇ) ਨੂੰ ਪਿਆਉਂਦੀ ਹੈ ਕਿ ਉਸਦੇ ਦੁੱਧ ਦੀ ਲਾਜ ਰਖੇ।

**ਨਿਉਂਦਾ (ਬਾਣ)** : ਬਿਸ਼ਨੋਈ ਸਮਾਜ ਵਿਚ 'ਨਿਉਂਦਾ' ਨੂੰ 'ਬਾਣ' ਕਹਿੰਦੇ ਹਨ। ਬਾਣ ਇਕੱਤਰ ਕਰਨ ਦੀ ਜਿੰਮੇਵਾਰੀ ਕਿਸੇ ਅਜਿਹੇ ਵਿਅਕਤੀ ਦੀ ਲਗਾਈ ਜਾਂਦੀ ਹੈ ਜਿਸ ਵਿਚ ਕਾਫ਼ੀ ਬੈਠਣ ਦੀ ਸਮਰੱਥਾ ਹੋਵੇ। ਬਾਣ ਇਕੱਤਰ ਕਰਨ ਸਮੇਂ ਕਾਂਸੀ ਦੀ ਥਾਲੀ ਵਿਚ ਗੁੜ ਮਿਸਰੀ ਤੇ ਇਕ ਰੁਪਿਆ ਰੱਖਣਾ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ। ਸਿੱਖਿਆ ਦਾ ਪ੍ਰਸਾਰ ਹੋਣ ਦੇ ਬਾਵਜੂਦ ਵੀ ਬਾਣ ਦੀ ਰਕਮ ਇਕ ਵਹੀ ਉਤੇ ਲਿਖੀ ਜਾਂਦੀ ਹੈ। ਜਿਸ ਦਾ ਬਾਅਦ ਵਿਚ ਨਿਰੀਖਣ ਵੀ ਕੀਤਾ ਜਾਂਦਾ ਹੈ। ਘੱਟ ਨਿਉਂਦਾ ਪਾਉਣ ਵਾਲੇ ਨੁਕਤਾਚੀਨੀ ਦੇ ਭਾਗੀਦਾਰ ਬਣਦੇ ਹਨ। ਇਸ ਤਰ੍ਹਾਂ ਕਾਫੀ ਰਸਮਾਂ ਦੇ ਨਿਭਾਉ ਤੋਂ ਬਾਅਦ ਕਿਸੇ ਨਜਦੀਕੀ ਮੰਦਰ ਵਿਚ ਮੱਥਾ ਟੇਕਣ ਤੋਂ ਬਾਅਦ ਬਰਾਤ ਰਵਾਨਾ ਹੁੰਦੀ ਹੈ। ਬਰਾਤ ਰਵਾਨਗੀ ਸਮੇਂ ਨਾਈ ਜੰਡ ਦੀਆਂ ਕੁਝ ਟਹਿਣੀਆਂ ਲਿਜਾ ਕੇ ਕੰਨਿਆਂ ਵਾਲੀ ਧਿਰ ਨੂੰ ਸੂਚਿਤ ਕਰਦਾ ਹੈ ਕਿ ਬਰਾਤ ਪਹੁੰਚ ਚੁੱਕੀ ਹੈ। ਇਸ ਤੋਂ ਬਾਅਦ ਹੀ ਲੜਕੀ ਦੇ ਤੇਲ ਹਲਦੀ ਦਾ ਵਟਣਾ ਲਗਾਇਆ ਜਾਂਦਾ ਹੈ।

**ਸਵਾਗਤ, ਢੁਕਾਵ, ਪੜਲਾ ਤੋਰਨ ਆਰਤੀ** : ਇਸ ਤੋਂ ਬਾਅਦ ਬਰਾਤੀਆਂ ਦਾ ਸਵਾਗਤ ਕੀਤਾ ਜਾਂਦਾ ਹੈ। ਬਰਾਤ ਢੁੱਕਣ ਤੋਂ ਬਾਅਦ ਬਰਾਤੀਆਂ ਨੂੰ ਕਿਸੇ ਵਿਸ਼ੇਸ਼ ਸਥਾਨ ਧਰਮਸਲਾਵਾ ਜਾਂ ਹੋਰ ਸਾਂਝੀ ਜਗ੍ਹਾਂ ਵਿਚ ਠਹਿਰਾ ਦਿੱਤਾ ਜਾਂਦਾ ਹੈ। ਬਰਾਤਾਂ ਵਿਚ ਸੁੱਕੇ ਮੇਵਿਆਂ ਦੀਆਂ ਬਰਾਤਾਂ ਭਰ ਕੇ ਭੇਟ ਕੀਤੀਆਂ ਜਾਂਦੀਆਂ ਹਨ। ਜਿਸ ਵਿਚੋਂ ਬਾਅਦ ਵਿਚ ਕੁਝ ਲੜਕੀ ਵਾਲੇ ਵਾਪਸ ਦਿੰਦੇ ਹਨ। ਇਸ ਸਾਰੇ ਭੇਟ ਕੀਤੇ ਸਮਾਨ ਨੂੰ 'ਪੜਲਾ' ਕਹਿੰਦੇ ਹਨ।

ਇਸ ਤੋਂ ਬਾਅਦ ਜੰਡ ਦੀਆਂ ਸੱਤ ਟਹਿਣੀਆਂ ਦਰਵਾਜੇ ਉਤੇ ਇਕ ਮੂੰਜ ਦੀ ਤਣੀ ਨਾਲ ਬੰਨੀਆਂ ਜਾਂਦੀਆਂ ਹਨ ਜਿਸ ਉਪਰ ਦੀ ਬੰਨੜਾ (ਲਾੜਾ) ਬੇਰੀ ਦੀ ਟਹਿਣੀ ਆਪਣੇ ਮੱਥੇ ਨਾਲ ਲਗਾ ਕੇ ਆਪਣੇ ਸਹੁਰੇ ਨੂੰ ਪਕੜਾਉਂਦਾ ਹੈ। ਜਿਸਨੂੰ ਉਹ ਸਨਮਾਨਪੂਰਵਕ ਗ੍ਰਹਿਣ ਕਰਦਾ ਹੈ। ਇਹ ਜਿਥੇ ਇਕ ਪਾਸੇ ਦਰੱਖਤਾਂ ਨਾਲ ਪਿਆਰ ਦਾ ਚਿੰਨ੍ਹ ਹੈ ਉਥੇ ਇਹ ਵੀ ਸਿੱਧ ਕਰਦਾ ਹੈ ਕਿ ਹੁਣ ਬਰਾਤ ਸੁਰਖਿੱਅਤ ਪਹੁੰਚਣ ਤੋਂ ਬਾਅਦ ਸਾਰੀ ਜਿੰਮੇਵਾਰੀ ਲੜਕੀ ਵਾਲਿਆਂ ਦੀ ਹੈ। ਇਸ ਰਸਮ ਨੂੰ ਤੋਰਨ ਦੀ ਰਸਮ ਕਹਿੰਦੇ ਹਨ।

ਇਸ ਮੌਕੇ ਘਰ ਦੀਆਂ ਸੁਆਣੀਆਂ ਵੀ ਆਪਣਾ ਯੋਗਦਾਨ ਨਿਭਾਉਂਦੀਆਂ ਹਨ। ਦੋ ਸੁਹਾਗਣ ਸੁਆਣੀਆਂ ਪਾਣੀ ਦੇ ਦੋ (ਛੋਟੇ ਤੇ ਵੱਡਾ) ਘੜੇ ਭਰ ਕੇ ਲਿਆਉਂਦੀਆਂ ਹਨ ਇਕ ਘੜਾ ਸਰਬਾਲਾ (ਵੱਡਾ) ਉਸ ਸੁਹਾਗਣ ਦੇ ਸਿਰ ਤੋਂ ਲਾਉਂਦਾ ਹੈ ਤੇ ਛੋਟਾ ਘੜਾ ਲਾੜਾ ਲਾਉਂਦਾ ਹੈ। ਇਸ ਤੋਂ ਬਾਅਦ ਉਹਨਾਂ ਦੀ ਆਰਤੀ ਕੀਤੀ ਜਾਂਦੀ ਹੈ ਅਤੇ ਸੱਸ ਜਵਾਈ ਦੇ ਸਿਰ ਉਪਰ ਦਹੀ ਤੇ ਕੁਮਕੁਮ ਦਾ ਟਿੱਕਾ ਲਾਉਂਦੀ ਹੈ। ਇਸਨੂੰ 'ਦਹੀ ਦੇਣਾ' ਕਹਿੰਦੇ ਹਨ। ਅੱਜ ਕਲ ਸਾਲੀਆਂ ਰੀਬਨ ਵੀ ਕਟਾਉਣ ਦੀ ਰਸਮ ਕਰਨ ਲੱਗ ਪਈਆਂ ਹਨ। ਇਸ ਮੌਕੇ ਸਾਲੀਆਂ ਥੋੜ੍ਹੀ ਬਹੁਤੀ ਮਸ਼ਕਰੀ ਕਰਦੀਆਂ ਹਨ। ਘੱਟ ਬਰਾਤੀ ਲਿਆਉਣ ਦੀ ਸੂਰਤ ਵਿਚ ਬਰਾਤੀਆਂ ਨੂੰ ਤਾਹਨੇ ਵੀ ਮਾਰੇ ਜਾਂਦੇ ਹਨ:

-ਸਾਤ ਸੁਪਾਰੀ ਲਾਡਾ ਸਿਗੋਡਾ ਰੇ ਗਟਕੋ

-ਕਾਣਾ ਜਾਣੀ ਲਾਇਉ ਕਾਗੋਂ ਕਰਸੀ ਮਟਕੋ

-ਥੋੜ੍ਹਾ ਜਾਣੀ ਲਾਇਉ ਕਾਗੋਂ ਕਰਸੀ ਮਟਕੋ

ਇਸ ਤੋਂ ਬਾਅਦ ਲੜਕੇ ਦੀ ਸੱਸ ਕੱਚੇ ਸੂਤ ਨਾਲ ਉਸਦੇ ਗੋਡੇ ਤੇ ਮੋਢੇ ਦਾ ਮਾਪ ਲੈਂਦੀ ਹੈ। ਉਹ ਸੁਰਮਾਂ ਪਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਜਵਾਈ ਸੁਰਮਾ ਨਹੀਂ ਪੁਆਉਂਦਾ। ਇਹ ਰਸਮਾਂ ਬਿਸ਼ਨੋਈ ਸਮਾਜ ਵਿਚ ਕਿਸੇ ਸਮੇਂ ਸਰੀਰਕ ਸਮਰੱਥਾ ਦੀਆਂ ਪ੍ਰਤੀਕ ਸਨ:

*ਤੋਰਨ ਦੀ ਤਣੀ ਦੇ ਉਤੋਂ ਤੋਂ ਵਰ ਦਾ ਘੜਾ ਉਤਾਰਨਾ, ਮਸਤਕ ਤੇ ਤਿਲਕ ਲਗਾਉਣਾ, ਅੰਗਾਂ ਦਾ ਮਾਪਣਾ ਕਦੇ ਸਰੀਰਕ ਸਮਰੱਥਾ ਦੀ ਪਰੀਖਿਆ ਦੇ ਪ੍ਰਤੀਕ ਸਨ, ਪਰ ਹੁਣ ਪਰੰਪਰਾ ਮਾਤਰ ਬਣ ਕੇ ਰਹਿ ਗਏ ਹਨ।*[22]

ਭਾਵੇਂ ਕੁਝ ਵੀ ਹੈ ਇਹਨਾਂ ਰਸਮਾਂ ਦਾ ਨਿਭਾਉ ਜ਼ਰੂਰ ਕੀਤਾ ਜਾਂਦਾ ਹੈ। ਇਸ ਸਮੇਂ ਪਾਣੀ ਦਾ ਛਿੱਟਾ ਦੇ ਕੇ ਜਵਾਈ ਅੰਦਰ ਪ੍ਰਵੇਸ਼ ਕਰਦਾ ਹੈ।

**ਵਿਆਹ ਵੇਦੀ** : ਬਿਸ਼ਨੋਈ ਸਮਾਜ ਵਿਚ ਵਿਆਹ ਪੜਿਆ ਜਾਂਦਾ ਹੈ। ਇਸ ਮੌਕੇ ਜਿਥੇ ਵਿਆਹ ਵੇਦੀ ਪੜ੍ਹਨੀ ਹੁੰਦੀ ਹੈ ਉਥੇ ਦੋ ਲੱਕੜ ਦੇ ਪੱਟੜਿਆਂ ਉਪਰ ਪੋਲੀਆਂ-ਪੋਲੀਆਂ ਗੱਦੀਆਂ ਰੱਖ ਕੇ ਉਤਰ ਦਿਸ਼ਾ ਵੱਲ ਸੱਜੇ-ਖੱਬੇ ਦੋਵਾਂ ਬੰਨ੍ਹਾ-ਬੰਨੜੀ ਨੂੰ ਬਿਠਾਇਆ ਜਾਂਦਾ ਹੈ। ਲੜਕੀ ਦੇ ਪੱਲੂ ਨਾਲ ਲੜਕੇ ਦੇ ਸਾਫ਼ੇ ਦੀ ਗੰਢ ਬੰਨ੍ਹ ਦਿੱਤੀ ਜਾਂਦੀ ਹੈ। ਇਸਨੂੰ 'ਗਠਜੋੜਾ' ਕਹਿੰਦੇ ਹਨ। ਇਸ ਸਮੇਂ ਹੀ ਦੋਵਾਂ ਦੇ ਹੱਥਾਂ ਵਿਚ ਮਹਿੰਦੀ ਦੇ ਬਣਾਏ ਹੋਏ ਪੇੜੇ ਨੂੰ ਫੜਾਇਆ ਜਾਂਦਾ ਹੈ। ਇਸਨੂੰ 'ਹਾਥ ਲੇਵਾ' ਕਹਿੰਦੇ ਹਨ। ਫਿਰ ਵਿਧੀਸੂਚਕ ਗਾਇਣਾ ਵਿਆਹ ਪੜ੍ਹਦਾ ਹੈ ਅਤੇ ਅੱਧਾ ਵਿਆਹ ਪੜ੍ਹਨ ਦੇ ਬਾਅਦ ਲੜਕੀ ਨੂੰ ਸੱਜੇ ਤੋਂ ਖੱਬੇ ਪਾਸੇ ਵੱਲ ਬਿਠਾ ਕੇ ਜਗ੍ਹਾਂ ਬਦਲੀ ਜਾਂਦੀ ਹੈ ਇਸਨੂੰ 'ਪੀੜੀ ਬਦਲਣੀ' ਕਹਿੰਦੇ ਹਨ। ਵਿਆਹ ਪੜ੍ਹਦੇ ਸਮੇਂ ਗਾਇਣਾ (ਪੰਡਿਤ) ਕੋਈ ਇਕ ਸਾਖੀ ਜਿਵੇਂ ਰਾਮ-ਸੀਤਾ, ਸ਼ਿਵ-ਪਾਰਬਤੀਜਾਂ ਕ੍ਰਿਸ਼ਨ-ਰੁਕਮਨੀ ਆਦਿ ਦੀ ਮਿਸਾਲ ਦਿੰਦਾ ਹੈ ਕਿ ਤੁਸੀਂ ਵੀ ਇਸ ਤਰ੍ਹਾਂ ਖੁਸ਼ੀ ਭਰਿਆ ਜੀਵਨ ਬਤੀਤ ਕਰਨਾ ਹੈ। ਇਸ ਮੌਕੇ ਵੀ 'ਪਾਹਲ' ਦੀ ਰਸਮ ਅਦਾ ਕਰਕੇ ਦੋਵਾਂ ਨੂੰ 'ਪਾਹਲ' ਦੀਆਂ ਤਿੰਨ-ਤਿੰਨ ਬੂੰਦਾਂ ਪਿਆਈਆਂ ਜਾਂਦੀਆਂ ਹਨ। ਇੰਜ ਹਵਨ ਸਾਹਮਣੇ, ਘਰ ਦਿਆ ਦੀ, ਰਿਸ਼ਤੇਦਾਰੀਆਂ ਦੀ, ਰਹਿਨਮੁਈ 'ਚ ਵਿਆਹ ਪੜ੍ਹਿਆ ਜਾਂਦਾ ਹੈ।

**ਮਿਲਣੀ (ਸਮਠੁੰਨੀ)** : ਬਿਸ਼ਨੋਈ ਸਮਾਜ ਵਿਚ ਅੱਜ ਵੀ ਕਈ ਵਾਰ ਰਾਤ ਸਮੇਂ ਵਿਆਹ ਹੁੰਦੇ ਹਨ। ਤਦ ਫਿਰ ਵਿਆਹ ਦੀ ਵਿਦਾਇਗੀ ਤੋਂ ਪਹਿਲਾਂ ਸਵੇਰੇ-ਸਵੇਰੇ ਸਮਠੁੰਨੀ ਮਿਲਣੀ ਦੀ ਰਸਮ-ਨਿਭਾਈ ਜਾਂਦੀ ਹੈ।

**ਵਿਦਾਈ** : ਦੋਵਾ ਨਵ ਜੋੜਿਆਂ ਦੀ ਆਰਤੀ ਕਰਕੇ ਉਹਨਾਂ ਨੂੰ ਵਿਦਾ ਕਰ ਦਿੱਤਾ ਜਾਂਦਾ ਹੈ। ਇਸ ਮੌਕੇ ਕਰੁਣਾਮਈ ਦ੍ਰਿਸ਼ ਹੁੰਦਾ ਹੈ।

**ਕਾਕੜ ਭਧਾਰਣਾ** : ਜਿਉ ਹੀ ਨਵ ਜੋੜੀ ਪਿੰਡ ਵਿਚ ਵਾਪਸ ਪ੍ਰਵੇਸ਼ ਕਰਦੀ ਹੈ ਤਿਉ ਹੀ ਪਿੰਡ ਦੇ ਨਜ਼ਦੀਕੀ ਮੰਦਰ (ਬਿਸ਼ਨੋਈ) ਜਾਂ ਬਜਰੰਗਬਲੀ ਦੇ ਮੰਦਰ ਉਸੇ ਤਰ੍ਹਾਂ 'ਗੰਡਜੋੜਾ' ਲਗਾ ਕੇ (ਵਿਆਹ ਵੇਦੀ) ਮੱਥਾ ਟੇਕਿਆ ਜਾਂਦਾ ਹੈ। ਇਸਨੂੰ 'ਕਾਂਕੜ ਭਧਾਰਨਾ' ਕਹਿੰਦੇ ਹਨ। ਭਾਵ ਕਿ ਲੜਕੀ ਆਪਣੇ ਪੇਕੇ ਘਰ ਨੂੰ ਅਸਲੀ ਘਰ ਸਮਝਦੀ ਹੋਈ ਪਿੰਡ ਦੀ ਜੂਹ ਨੂੰ ਨਮਸਤਕ ਹੁੰਦੀ ਹੈ।

ਘਰ ਪਹੁੰਚਣ ਤੇ ਸੱਜ ਵਿਆਹੀ ਦੇ ਆਏ ਤੇ ਉਸਦੇ ਸਿਰ ਤੇ ਪਾਣੀ ਦਾ ਘੜਾ ਰੱਖਿਆ ਜਾਂਦਾ ਹੈ ਤੇ ਨਨਾਣ ਆਪਣਾ ਲਾਗ ਲੈਂਦੀ ਹੈ। ਮਾਂ ਪਾਣੀ ਵਾਰ ਕੇ ਆਰਤੀ ਉਤਾਰਦੀ ਹੈ। ਇਸ ਮੌਕੇ ਇਕ ਮਿੱਟੀ ਦੀ ਢੱਕਣੀ ਹੇਠ ਖੋਪਰਾ ਰੱਖਿਆ ਜਾਂਦਾ ਹੈ ਜਿਸਨੂੰ ਲਾੜਾ ਭੰਨਦਾ ਹੈ ਤੇ ਜੇਕਰ ਨਾ ਭੰਨਿਆ ਜਾਵੇ ਤਾਂ ਉਹ ਹਾਸੋਹੀਣ ਦਾ ਪਾਤਰ ਬਣਦਾ ਹੈ। ਇਥੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਦਾ ਵਿਆਹ ਨਾ ਹੁੰਦਾ ਹੋਵੇ ਤਾਂ ਖੋਪਰਾ ਚੁੱਕ ਕੇ ਖਾਣ ਨਾਲ ਉਸ ਦੇ ਜਲਦੀ ਵਿਆਹ ਹੋ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਥੇ ਹੀ ਘਰ ਪ੍ਰਵੇਸ ਤੋਂ ਪਹਿਲਾਂ ਰਸਤੇ ਵਿਚ ਸੱਤ ਜਾਂ ਨੌ ਥਾਲੀਆਂ ਰੱਖੀਆ ਜਾਂਦੀਆਂ ਹਨ ਜਿੰਨਾਂ ਨੂੰ ਲਾੜਾ ਆਪਣੇ ਹੱਥ ਵਿਚ ਫੜੀ ਲੋਹੇ ਦੀ ਛੜੀ ਨਾਲ ਖੱਬੇ-ਸੱਜੇ ਕਰਦਾ ਹੈ ਤੇ ਵਿਆਹੀ ਆਈ ਉਸ ਥਾਲੀਆਂ ਨੂੰ ਇਕੱਠਾ ਕਰਦੀ ਹੈ ਅਤੇ ਥਾਲੀਆਂ ਵਿਚ ਪੈਸੇ ਵੀ ਰੱਖੇ ਜਾਂਦੇ ਹਨ ਜੇਕਰ ਉਹ ਥਾਲੀਆਂ ਵਿਚੋਂ ਰੱਖੇ ਪੈਸੇ ਬੁੱਕ ਭਰ ਚੁੱਕੇ ਤਾਂ ਉਸ ਨੂੰ 'ਲਾਲਚੀ' ਸੁਭਾਅ ਵਾਲੀ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਪਾਣੀ ਦਾ ਘੜਾ ਚੁੱਕਣਾ, ਖਾਲੀਆਂ ਇਕੱਠਾ ਕਰਨਾ ਨਵ-ਵਿਆਹੀ ਆਈ ਤੇ ਘਰੇਲੂ ਜਿੰਮੇਵਾਰੀਆਂ ਪੈਣ ਦਾ ਪ੍ਰਤੀਕ ਹੈ। ਖੋਪਰਾ ਭੰਨਣਾ ਮੁੰਡੇ ਦੀ ਸਰੀਰਕ ਸਮਰੱਥਾ ਦਾ ਪ੍ਰਤੀਕ ਹੈ। ਇਸ ਤਰ੍ਹਾਂ ਵਿਆਹ ਦੀਆਂ ਰਸਮਾਂ ਦਾ ਨਿਭਾਉ ਵਿਨਾਇਕ ਬੈਠਣ ਤੋਂ ਲੈ ਕੇ ਸੱਜ ਵਿਆਹੀ ਦੇ ਘਰ ਪਹੁੰਚਣ ਤੱਕ ਨਿਰੰਤਰ ਰਸਮਾਂ ਦਾ ਸਿਲਸਿਲਾ ਚਲਦਾ ਰਹਿੰਦਾ ਹੈ।

**ਮੁਕਲਾਵਾ** : ਬਿਸ਼ਨੋਈ ਸਮਾਜ ਵਿਚ ਮੁਕਲਾਵਾ ਪਹਿਲਿਆਂ ਸਮੇਂ ਛੋਟੀ ਉਮਰ ਵਿਚ ਵਿਆਹ ਹੋਣ ਕਰਕੇ ਬਾਲਗ ਹੋਣ ਦੀ ਸੂਰਤ ਵਿਚ ਲਿਆਂਦਾ ਜਾਂਦਾ ਸੀ। ਪਰ ਮੌਜੂਦਾ ਸਮੇਂ ਇਹ ਕਾਰਜ ਨਾਲ ਹੀ ਨਾਲ ਹੀ ਪੂਰਾ ਕਰ ਲਿਆ ਜਾਂਦਾ ਹੈ।

ਇਸ ਤੋਂ ਬਾਅਦ ਜ਼ਿੰਦਗੀ ਦਾ ਅਗਲਾ ਸਫ਼ਰ ਸ਼ੁਰੂ ਹੁੰਦਾ ਹੈ।

**ਮੌਤ ਨਾਲ ਸੰਬੰਧਤ ਰਸਮਾਂ-ਰਿਵਾਜ** : ਮਨੁੱਖੀ ਜੀਵਨ ਵਿਚ ਅੰਤਿਮ ਪੜਾਅ ਮੌਤ ਦੇ ਰੂਪ ਵਿਚ ਹੈ। ਮ੍ਰਿਤਕ ਦੇ ਅੰਤਿਮ ਸਮੇਂ ਦੇ ਨਜਦੀਕ ਆਉਣ ਉਤੇ ਉਸਨੂੰ ਧਰਤੀ ਉਤੇ ਲਿਟਾਇਆ ਜਾਂਦਾ ਹੈ। ਮ੍ਰਿਤਕ ਦੇ ਪ੍ਰਾਣਾ ਦੇ ਨਿਕਲਣ ਲਈ 'ਕੁੰਚੀਵਾਲ ਸ਼ਬਦ' ਪੜ੍ਹਿਆ ਜਾਂਦਾ ਹੈ ਤਾਂ ਜੋ ਮ੍ਰਿਤਕ ਦੀ ਜਾਨ ਸੌਖੀ ਨਿਕਲ ਜਾਵੇ। ਕਈ ਵਿਚਾਰ ਇਹ ਵੀ ਕਰਦੇ ਹਨ ਕਿ ਜੇਕਰ ਬਜ਼ੁਰਗ ਮੰਜੀ ਉਪਰ ਮਰ ਜਾਵੇ ਤਾਂ ਉਸ ਦੀ ਗਤੀ ਨਹੀਂ ਹੁੰਦੀ। ਇਸ ਸੰਬੰਧੀ ਗਿਆਨੀ ਗੁਰਦਿਤ ਸਿੰਘ ਵੀ ਲਿਖਦੇ ਹਨ :

*ਘੋਰੜ੍ਹ ਵੱਜਦੇ ਨੂੰ ਝੱਟ ਪੱਟ ਧਰਤੀ ਉਤੇ ਲਿਟਾ ਦਿੰਦੇ ਹਨ। ਕਹਿਦੇ ਜੇ ਬੰਦਾ ਚਾਰਪਾਈ ਉਤੇ ਲੇਟਿਆ ਮਰ ਜਾਵੇ ਤਾਂ ਉਸ ਦੀ 'ਗਤੀ' ਨਹੀਂ ਹੁੰਦੀ।*[23]

ਇਸ ਪ੍ਰਕਾਰ ਬਿਸ਼ਨੋਈ ਸਮਾਜ ਵਿਚ ਅੰਤਿਮ ਸਮੇਂ ਮ੍ਰਿਤਕ ਦੀ ਦੇਹ ਨੂੰ ਭੁੰਜੇ ਪਾ ਲਿਆ ਜਾਂਦਾ ਹੈ। ਬਿਸ਼ਨੋਈ ਸਮਾਜ ਵਿਚ ਮ੍ਰਿਤਕ ਦੀ ਮੌਤ ਸਮੇਂ ਲੋਕਾਂ ਵਿਚ ਕੁਝ ਕੁ ਲੋਕ ਵਿਸ਼ਵਾਸ ਵੀ ਪ੍ਰਚੱਲਿਤ ਹਨ। ਜਿੰਨਾਂ ਬਾਰੇ ਭੂਪ ਸਿੰਘ ਬਿਸ਼ਨੋਈ ਲਿਖਦਾ ਹੈ:

> *Some of supersititions assoicated with death. Some of the superstitons are that a man who dies on 11$^{th}$ of the month goes to 'Swarga' (heaven) and finds Salvation (mukti) becasue on that day the doors of 'Swarga' are open. A man who dies on 'Amawas' and 'Saturday' goes to 'Narka" (hell). It is also believed rain on 'Tiya' (third day) then the dead person may be return on the family.*[24]

ਇੰਜ ਕਈ ਲੋਕ ਵਿਸ਼ਵਾਸ ਪ੍ਰਚੱਲਿਤ ਹਨ। ਮੌਤ ਤੋਂ ਬਾਅਦ ਮ੍ਰਿਤਕ ਦੀ ਦੇਹ ਨੂੰ ਪੁੱਤ-ਪੋਤਰੇ ਇਸ਼ਨਾਨ ਕਰਵਾਉਦੇ ਹਨ। ਇਸ਼ਨਾਨ ਗੰਗਾ ਜਲ ਨਾਲ ਕਰਵਾਉਣਾ ਸ਼ੁਭ ਮੰਨਿਆ ਜਾਂਦਾ ਹੈ। ਕਈ ਵਾਰ ਅੰਤਿਮ ਪੜਾਅ ਤੇ ਪਹੁੰਚਦਿਆਂ 'ਗਊ ਦਾ ਦਾਨ' ਕਰਵਾਉਣਾ ਵੀ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ। ਮ੍ਰਿਤਕ ਦੇਹ ਨੂੰ ਬਾਜਰੀ, ਜਵਾਰ (ਤ੍ਰਿਣ ਸਈਆ) ਉਤੇ ਲਿਟਾ ਕੇ ਅੰਤਿਮ ਸੰਸਕਾਰ ਵੱਲ ਲਿਜਾਂਦੇ ਹਨ।

ਬਿਸ਼ਨੋਈ ਸਮਾਜ ਵਿਚ ਰੰਗਾਂ ਸੰਬੰਧੀ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਉਹ 'ਨੀਲੇ ਰੰਗ' ਨੂੰ ਸ਼ੁਭ ਨਹੀਂ ਮੰਨਦੇ ਤੇ ਬਿਸ਼ਨੋਈ ਸਮਾਜ ਦੇ ਨਿਯਮਾਂ ਮੁਤਾਬਿਕ ਇਸ ਰੰਗ ਦੀ ਮਨਾਹੀ ਕੀਤੀ ਗਈ ਹੈ। ਸੋ, ਇਸ ਤਰ੍ਹਾਂ ਹੀ ਮੌਤ ਸਮੇਂ ਵੱਖ-ਵੱਖ ਰੰਗਾਂ ਦਾ ਕਫਨ ਪ੍ਰਚੱਲਿਤ ਹੈ। ਇਸ਼ਨਾਨ ਕਰਵਾਉਣ ਤੋਂ ਬਾਅਦ ਸੂਤੀ ਕੱਪੜਾ ਮ੍ਰਿਤਕ ਦੇਹ ਉਪਰ ਪਾਇਆ ਜਾਂਦਾ ਹੈ। ਪੁਰਸ਼ ਨੂੰ ਸਫ਼ੈਦ ਰੰਗ, ਸੁਹਾਗਣ ਤੇ ਕੁਆਰੀ ਲਈ ਲਾਲ ਰੰਗ ਅਤੇ ਵਿਧਵਾ ਲਈ ਕਾਲੇ ਰੰਗ ਦਾ ਕਫਨ ਤਿਆਰ ਕਰਕੇ ਉਸ ਮ੍ਰਿਤਕ ਦੇਹ ਉਤੇ ਪਾਇਆ ਜਾਂਦਾ ਹੈ। ਸਾਧੂਆਂ ਲਈ ਭਗਵੇ ਕੱਪੜੇ ਦਾ ਕਫ਼ਨ ਤਿਆਰ ਕੀਤਾ ਜਾਂਦਾ ਹੈ।

ਇਧਰ (ਤ੍ਰਿਣ ਸਈਆਂ) ਬਾਜਰੇ, ਜਵਾਰ ਜਾਂ ਹੋਰ ਕਿਸੇ ਘਾਹ ਆਦਿ ਉਪਰ ਮ੍ਰਿਤਕ ਨੂੰ ਲਿਟਾ ਲਿਆ ਜਾਂਦਾ ਹੈ ਅਤੇ ਦੂਸਰੇ ਪਾਸੇ ਮ੍ਰਿਤਕ ਦੇਹੀ ਦੇ ਸੰਸਾਕਰ ਲਈ ਇਕ ਟੋਆ ਪੁੱਟਣਾ ਸ਼ੁਰੂ ਕਰ ਲਿਆ ਜਾਂਦਾ ਹੈ। ਬਿਸ਼ਨੋਈ ਸਮਾਜ ਦੇ ਲੋਕ ਇਸਨੂੰ 'ਘੋਰ' ਕਹਿੰਦੇ ਹਨ। ਬਿਸ਼ਨੋਈ ਸਮਾਜ ਦੇ ਲੋਕ ਮ੍ਰਿਤਕ ਨੂੰ ਜਲਾਉਂਦੇ ਨਹੀਂ ਬਲਕਿ ਦਫ਼ਨਾਉਦੇ ਹਨ। ਇਹ ਲੋਕ ਦਫਨਾਉਣ ਦੀ ਪ੍ਰਕ੍ਰਿਆ ਨੂੰ ਮੁਸਲਮਾਨ ਕਰਮ ਅਨੁਸਾਰ ਨਾ ਮੰਨਦੇ ਹੋਏ ਇਸਦਾ ਸੰਬੰਧ ਪ੍ਰਕ੍ਰਿਤੀ ਨਾਲ ਜੋੜਦੇ ਹਨ। ਇਹਨਾਂ ਲੋਕਾਂ ਦਾ ਵਿਚਾਰ ਹੈ ਕਿ ਅਜਿਹਾ ਕਾਰਜ ਕਰਨ ਨਾਲ ਲੱਕੜ-ਬਾਲਣ ਦੀ ਬੱਚਤ ਹੁੰਦੀ ਹੈ ਤੇ ਪ੍ਰਕ੍ਰਿਤੀ ਨੂੰ ਨੁਕਸਾਨ ਨਹੀਂ ਪਹੁੰਚਦਾ। ਬਿਸ਼ਨੋਈ ਲੋਕ ਇਸਨੂੰ ਗੁਰੂ ਜੰਬੇਸ਼ਵਰ ਜੀ ਦੁਆਰਾ ਪ੍ਰਕ੍ਰਿਤੀ ਨਾਲ ਸੰਬੰਧਤ ਬਣਾਏ ਨਿਯਮਾਂ ਨਾਲ ਜੋੜਦੇ ਹਨ। "*ਗੁਰੂ ਜੰਬੇਸ਼ਵਰ ਜੀ ਦੇ ਚਾਚਾ ਪੁਲਤੋ ਜੀ ਨੂੰ ਵੀ ਅਜਿਹੇ ਘੋਰ ਵਿਚ ਹੀ ਦਫਨਾਇਆ ਗਿਆ ਸੀ।*"[25] ਬਿਸ਼ਨੋਈ ਲੋਕ ਇੰਜ ਮ੍ਰਿਤਕ ਨੂੰ ਦਫਨਾਉਦੇ ਹਨ। ਇਸ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਮਤ ਇਸ ਪ੍ਰਕਾਰ ਹਨ :

ਡਾ. ਬਨਵਾਰੀ ਲਾਲ ਸਹੂ ਅਨੁਸਾਰ :

*ਅੰਤਿਮ ਸੰਸਕਾਰ ਦੀ ਕ੍ਰਿਆ ਵੀ ਅਲੱਗ-ਅਲੱਗ ਜਾਤੀਆਂ ਵਿਚ ਅਲੱਗ-ਅਲੱਗ ਹੈ। ਅੰਤਿਮ ਸੰਸਕਾਰ ਦੇ ਰੂਪ ਵਿਚ ਜਲਦਾਗ, ਭੂਮੀਦਾਗ, ਅਗਨੀਦਾਗ ਅਤੇ ਵਾਯੂਦਾਗ ਹੀ ਪ੍ਰਚੱਲਿਤ ਹੈ। ਹੋਰ ਸੰਸਕਾਰਾਂ ਦੀ ਤਰ੍ਹਾਂ ਬਿਸ਼ਨੋਈ ਸੰਪਰਦਾਇ ਦਾ ਅੰਤਿਮ ਸੰਸਕਾਰ ਵੀ ਹੋਰ ਜਾਤੀਆਂ ਤੋਂ ਭਿੰਨ ਹੈ। ਬਿਸ਼ਨੋਈ ਸੰਪਰਦਾਇ ਵਿਚ ਭੂਮੀ ਦਾਗ ਦੀ ਪ੍ਰਥਾ ਪ੍ਰਚੱਲਿਤ ਹੈ। ਵਾਤਾਵਰਨ ਦੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਇਹ ਪ੍ਰਥਾ ਵਿਗਿਆਨਕ ਤੇ ਉੱਤਮ ਹੈ। ਬਿਸ਼ਨੋਈ ਸੰਪਰਦਾਇ ਦੇ ਸੰਸਥਾਪਕ ਇਸਦੇ ਸਮਰਥਕ ਰਹੇ ਹਨ। ਉਹਨਾਂ ਦੁਆਰਾ ਸਥਾਪਿਤ ਬਿਸ਼ਨੋਈ ਸੰਪਰਦਾਇ ਦੇ ਉੱਨਤੀ ਨਿਯਮਾਂ ਵਿਚ ਕਈ ਨਿਯਮ ਵਾਤਾਵਰਨ ਨਾਲ ਸੰਬੰਧਤ ਹਨ। ਬਿਸ਼ਨੋਈ ਸੰਪਰਦਾਇ ਵਿਚ ਪ੍ਰਚਲਿੱਤ ਭੂਮੀਦਾਗ ਨੂੰ ਵੀ ਵਾਤਾਵਰਨ ਸੁਰੱਖਿਆ ਦੀ ਇਕ ਕੜੀ ਮੰਨਿਆ ਜਾ ਸਕਦਾ ਹੈ।*[26]

ਮ੍ਰਿਤਕ ਦੇਹ ਲਈ ਦਫਨਾਉਣ ਵਾਲੀ ਥਾਂ ਤੇ ਇਕ ਲੰਮਾ ਚੌੜਾ ਟੋਆ ਪੁੱਟਿਆ ਜਾਂਦਾ ਹੈ। ਇਸਨੂੰ ਮ੍ਰਿਤਕ ਦਾ ਅਸਲੀ ਘਰ ਮੰਨਿਆ ਜਾਂਦਾ ਹੈ। ਇਹ ਆਮ ਤੌਰ ਤੇ  ਸੱਤ ਫੁੱਟ ਲੰਮਾ ਤੇ ਸੱਤ ਫੁਟ ਚੌੜਾ ਪੁੱਟਿਆ ਜਾਂਦਾ ਹੈ। ਇਸਨੂੰ ਬਿਸ਼ਨੋਈ ਸਮਾਜ ਦੀ ਸ਼ਬਦਾਵਲੀ ਵਿਚ 'ਘਰ ਖੋਦਣਾ' ਕਿਹਾ ਜਾਂਦਾ ਹੈ।

*"ਇਹ ਤੇਰਾ ਅੰਤਿਮ ਘਰ ਹੈ ਕਹਿ ਕੇ ਮਿੱਟੀ ਪਾਉਣੀ ਸ਼ੁਰੂ ਕਰ ਦਿੰਦੇ ਹਨ। ਮ੍ਰਿਤਕ ਦੇਹ ਦੇ ਸਰੀਰ ਉਤੇ ਕ਼ਫਨ ਦੇ ਨੇੜੇ ਕੋਈ ਗਹਿਣਾ ਜਾਂ ਕੱਪੜਾ ਨਹੀਂ ਰੱਖਿਆ ਜਾਂਦਾ ਤੇ ਹੌਲੀ-ਹੌਲੀ ਹੱਥਾਂ ਨਾਲ ਮਿੱਟੀ ਦਾ ਟੋਆ ਭਰ ਦਿੱਤਾ ਜਾਂਦਾ ਹੈ।"*[27]

ਇਸ ਤਰ੍ਹਾਂ ਦਫਨਾਉਣ ਤੋਂ ਬਾਅਦ ਉਸ ਜਗ੍ਹਾਂ ਤੇ ਪਾਣੀ ਵਸਾਇਆ ਜਾਂਦਾ ਹੈ ਤੇ ਬਾਜਰੀ ਵਰਸਾਈ ਜਾਂਦੀ ਹੈ। ਫਿਰ ਇਸ ਜਗ੍ਹਾਂ ਉਪਰ ਉਹਨਾਂ ਦੀ ਯਾਦਦਾਸਤ ਵਿਚ ਕਈ ਬਿਸ਼ਨੋਈ 'ਚਬੂਤਰਾ' ਵੀ ਬਣਾਉਂਦੇ ਹਨ ਕਈ ਲੋਕ ਇਸਨੂੰ 'ਸਮਾਧੀ' ਵੀ ਕਹਿੰਦੇ ਹਨ। ਇਸ ਜਗ੍ਹਾਂ ਉਪਰ ਪਾਣੀ ਦੀ ਵਿਵਸਥਾ ਵਲੋਂ ਨਲਕੇ ਲਗਵਾਉਣਾ ਬਿਸ਼ਨੋਈ ਸਮਾਜ ਵਿਚ ਸਭ ਤੋਂ ਵੱਡਾ ਪੁੰਨ ਸਮਝਿਆ ਜਾਂਦਾ ਹੈ। ਇਹੀ ਹੀ ਕਾਰਨ ਹੈ ਕਿ ਅਬੋਹਰ ਤਹਿਸੀਲ ਦੇ ਬਿਸ਼ਨੋਈ ਲੋਕਾਂ ਦੀਆਂ ਸਮਾਧੀਆਂ ਕੋਲ ਪੀਣ ਦੇ ਪਾਣੀ ਦੀ ਵਿਵਸਥਾ ਹੈ।

ਦਫਨਾਉਣ ਤੋਂ ਬਾਅਦ ਸਾਰੇ ਲੋਕ ਇਸ਼ਨਾਨ ਕਰਦੇ ਹਨ। ਕਈ ਲੋਕ ਰਸਤੇ ਵਿਚ ਹੀ ਇਸ਼ਨਾਨ ਕਰ ਲੈਂਦੇ ਹਨ। ਇਥੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮ੍ਰਿਤਕ ਨਾਲ ਗਏ ਸਭ ਤਾਂ ਹੀ ਸੁੱਧ ਗਿਣੇ ਜਾਂਦੇ ਹਨ ਜੇਕਰ ਉਹ ਆ ਕੇ ਇਸ਼ਨਾਨ ਕਰਨਾ *"ਮੋਢਾ ਦੇਣ ਵਾਲੇ ਸਾਰੇ ਘਰ ਆ ਕੇ ਕੱਪੜਿਆ ਸਮੇਤ ਇਸ਼ਨਾਨ ਕਰਦੇ ਹਨ।"*[28]

ਘਰ ਵਾਪਸੀ ਸਮੇਂ ਮੋਢਾ ਦੇਣ ਵਾਲੇ ਅੱਗੇ ਤੇ ਬਾਕੀ ਬਿਹਨਾਂ ਦੇ ਪਿੱਛੇ-ਪਿੱਛੇ ਆਉਂਦੇ ਹਨ। ਘਰ ਵਿਚ ਉਹਨਾਂ ਉਪਰ ਛਿੱਟਾ ਦੇਣ ਤੋਂ ਬਾਅਦ ਉਹਨਾਂ ਨੂੰ ਘਰ ਵਿਚ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਇਥੇ ਇਹ ਵੀ ਜਿਕਰਯੋਗ ਹੈ ਕਿ ਸਾਧੂਆਂ ਦਾ ਸੰਸਕਾਰ ਸਾਧੂ ਹੀ ਕਰਦੇ ਹਨ।

ਮ੍ਰਿਤਕ ਨੂੰ ਜਿਉ ਹੀ ਦਫਨਾ ਕੇ ਘਰ ਪਹੁੰਚਦੇ ਹਨ ਤਾਂ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸਦੀ ਰੂਹ ਦੇ ਪ੍ਰਾਣ ਅਜੇ ਵੀ ਘਰ ਵਿਚ ਹਨ। ਇਸ ਲਈ ਚੂਰਮਾ, ਦਹੀ ਰੋਟੀ ਤੇ ਮ੍ਰਿਤਕ ਦੇ ਮਨਪਸੰਦ ਭੋਜਨ ਕਾਂ ਨੂੰ ਖੁਆਇਆ ਜਾਂਦਾ ਹੈ। ਇਸ ਰਸਮ ਨੂੰ ਬਿਸ਼ਨੋਈ

'ਕਾਗੋਲ ਦੇਣਾ' ਕਹਿੰਦੇ ਹਨ। ਬਿਸ਼ਨੋਈ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਜੇਕਰ ਕਾਂ ਭੋਜਨ ਛੱਕ ਲਵੇ ਤਾਂ ਮ੍ਰਿਤਕ ਪਰਿਵਾਰ ਉਪਰ ਖੁਸ਼ ਹੈ ਜੇਕਰ ਨਾ ਛਕੇ ਤਾਂ ਫਿਰ ਪਰਿਵਾਰ ਦੇ ਮੈਂਬਰ ਉਸ ਦੀਆਂ ਮਿੰਨਤਾ ਤਰਲਾ ਕਰਦੇ ਹਨ। ਘਰ ਦਾ ਵੱਡਾ ਮੈਂਬਰ ਪਰਿਵਾਰਕ ਸਾਂਝ ਬਣਾਈ ਰੱਖਣ ਲਈ, ਹੋ ਚੁੱਕੀ ਭੁੱਲ ਲਈ ਮੁਆਫ਼ੀ ਮੰਗਦਾ ਹੈ। ਜੇਕਰ ਸਭ ਕੁਝ ਕਰਨ ਤੇ ਵਿਅਰਥ ਜਾਵੇ ਤਾਂ ਫਿਰ ਭੋਜਨ ਗਾਂ ਨੂੰ ਖੁਆ ਦਿੱਤਾ ਜਾਂਦਾ ਹੈ। ਕਈ ਵਾਰ ਕਾਂ ਕਾਫੀ ਮਿੰਨਤਾ-ਤਰਲਾ ਕਰਵਾਉਂਦਾ ਨਜ਼ਰ ਆਉਂਦਾ ਹੈ। ਅਜਿਹੇ ਮੌਕੇ ਕਾਫ਼ੀ ਕਰੁਣਾਮਈ ਹਾਲਤ ਦੇਖਣਯੋਗ ਹੁੰਦੀ ਹੈ। ਇਸ ਸੰਬੰਧੀ ਵਣਜਾਰਾ ਬੇਦੀ ਵੀ ਲਿਖਦੇ ਹਨ ਕਿ ਪਿੱਤਰਾਂ ਦੀ ਰੂਹ ਕਿਸੇ ਇਕ ਜਾਨਵਰ ਵਿਚ ਹੀ ਗਿਣੀ ਜਾਂਦੀ ਸੀ :

> *ਕਿਸੇ ਖੁੱਲੀ ਥਾਂ ਕੁਝ ਕੜਾਹ ਪੂਰੀਆਂ ਭੋਜ ਪੱਤਰ ਉਤੇ ਭੋਗ ਲਗਾਉਣ ਲਈ ਰੱਖ ਦਿੱਤੀਆਂ ਜਾਂਦੀਆਂ ਸਨ ਤੇ ਉਦੋਂ ਤੱਕ ਸਰਾਦ ਨਹੀਂ ਵੰਡਿਆਂ ਜਾਦਾ ਸੀ। ਜਦੋਂ ਤੱਕ ਕੋਈ ਜਨੌਰ ਭੋਗ ਨਾ ਲਗਾ ਜਾਵੇ। ਇਸੇ ਜਨੌਰ ਵਿਚ ਆਪਣੇ ਪਿੱਤਰ ਦੀ ਰੂਹ ਮੰਨੀ ਜਾਂਦੀ ਸੀ। ਇਹ ਪੂਜਾ ਕਿਸੇ ਇਕ ਜਨੌਰ ਤੱਕ ਹੀ ਸੀ, ਉਸ ਦੀ ਸਾਰੀ ਜਾਤੀ ਦੀ ਨਹੀਂ ਅਤੇ ਉਹ ਵੀ ਕੁਝ ਪਲ ਛਿਨ ਲਈ।*[29]

ਇਸ ਤਰ੍ਹਾਂ ਹੀ ਪਲ ਛਿਣ ਭਰ ਲਈ ਬਿਸ਼ਨੋਈ ਸਮਾਜ ਵਿਚ ਕਾਂ ਦੀ ਉਸ ਰੂਹ ਵਜੋਂ ਪੂਜਾ ਕੀਤੀ ਜਾਂਦੀ ਹੈ।

'ਕਾਗੋਲ ਦੇਣਾ' ਦੀ ਇਹ ਰਸਮ ਤਿਨ ਦਿਨ ਤੱਕ ਸੂਤਕ ਪਾਤਕ ਖ਼ਤਮ ਹੋਣ ਤੱਕ ਚਲਦੀ ਰਹਿੰਦੀ ਹੈ। ਤੀਜੇ ਦਿਨ ਜੋ ਭੋਜਨ ਛਕਾਉਣ ਲਈ ਤਿਆਰ ਕੀਤਾ ਜਾਂਦਾ ਹੈ ਉਸ ਵਿਚੋਂ ਕੁਝ ਅੰਸ਼ ਕੱਢ ਕੇ ਦਫਨਾਉਣ ਵਾਲੀ ਜਗਾਂ ਤੇ ਲਿਜਾ ਕੇ ਅੰਤਿਮ ਵਾਰ ਫਿਰ ਕਾਵਾਂ ਨੂੰ ਖੁਆਇਆ ਜਾਂਦਾ ਹੈ। ਕਾਵਾਂ ਨੂੰ ਤਾਂ ਇਕ ਮਾਧਿਅਮ ਵਜੋਂ ਭੋਜਨ ਛਕਾਇਆ ਜਾਂਦਾ ਹੈ ਬਸ ਇਹ ਵਿਸ਼ਵਾਸ ਰਹਿੰਦਾ ਹੈ ਕਿ ਮ੍ਰਿਤਕ ਦੀ ਰੂਹ ਦਾ ਵਾਸਾ ਖ਼ਤਮ ਹੋ ਚੁੱਕਾ ਹੈ।

'ਕਾਗੋਲ ਦੇਣਾ' ਤੋਂ ਬਾਅਦ ਮ੍ਰਿਤਕ ਦਾ ਪੁੱਤਰ ਸੂਤੀ ਕਪੜੇ ਵਿਚ ਕੁਝ ਦਾਣੇ ਪਾ ਕੇ ਜੰਡ (ਖੇਜੜੀ) ਦੇ ਦਰੱਖਤ ਨੂੰ ਪਾਣੀ ਪਾਉਂਦਾ ਹੈ ਉਸਨੂੰ 'ਜਲਾਂਜਲੀ' ਕਹਿੰਦੇ ਹਨ। ਇਹ ਰਸਮ ਕਰਨ ਤੋਂ ਬਾਅਦ ਮ੍ਰਿਤਕ ਦੀ ਅੰਤਿਮ ਵਿਦਾਈ ਹੋ ਜਾਂਦੀ ਹੈ। ਇਸ ਤਰ੍ਹਾਂ ਪਹਿਲਿਆ ਸਮੇਂ ਵਿਚ ਸੂਤਕ ਤੋਂ ਬਾਅਦ ਤਿਉਹਾਰ ਤੱਕ ਸੋਕ ਮਨਾਇਆ ਜਾਂਦਾ ਸੀ। ਉਸ ਤੋਂ ਬਾਅਦ 29 ਦਿਨ ਤੱਕ ਮਨਾਇਆ ਜਾਂਦਾ ਸੀ। ਹੁਣ ਬਿਸ਼ਨੋਈ ਸਮਾਜ ਦੇ ਅਬੋਹਰ ਇਲਾਕੇ ਦੇ ਲੋਕ 16 ਦਿਨ ਸ਼ੋਕ ਮਨਾਉਣ ਲੱਗ ਪਏ ਹਨ।

ਪਾਹਲ ਦਾ ਛਿੱਟਾ ਸਾਰੇ ਘਰ ਵਿਚ ਦਿੱਤਾ ਜਾਦਾ ਹੈ ਤੇ ਉਸ ਦੀਆਂ ਤਿੰਨ-ਤਿੰਨ ਬੂੰਦਾ ਪਿਆਈਆਂ ਜਾਂਦੀਆਂ ਹਨ। ਪਾਹਲ ਗਾਇਨਾ ਦੁਆਰਾ ਤਿਆਰ ਕੀਤਾ ਜਾਂਦਾ ਹੈ। ਹਵਨ, ਤੇ ਪਾਠ ਪੂਜਾ ਕੀਤੀ ਜਾਂਦੀ ਹੈ। ਪਾਹਲ ਦਾ ਛਿੱਟਾ ਦਿੰਦਿਆਂ ਹੀ ਘਰ ਵਿਚ ਸੂਤਕ ਦੀ ਸਮਾਪਤੀ ਹੋ ਜਾਂਦੀ ਹੈ। ਇਸ ਦਿਨ ਹੀ ਸਾਰੇ ਰਿਸ਼ਤੇਦਾਰ ਮਿੱਤਰ ਸੋਕ ਮਨਾਉਣ ਆਉਂਦੇ ਹਨ।

ਇਸ ਸਮੇਂ ਹੀ ਪਗੜੀ ਦੀ ਰਸਮ ਹੁੰਦੀ ਹੈ। ਮ੍ਰਿਤਕ ਦੇ ਕੁੜਮਈ ਵਾਲੇ ਪਾਸੋ ਕੱਪੜੇ ਗਹਿਣੇ ਵੀ ਲਿਆਂਦੇ ਜਾਂਦੇ ਹਨ ਜੋ ਭੇਟ ਕੀਤੇ ਜਾਂਦੇ ਹਨ। ਇਸ ਨੂੰ ਬਿਸ਼ਨੋਈ ਲੋਕ 'ਓਢਾਵਣੀ' ਕਹਿੰਦੇ ਹਨ।

ਮੌਤ ਨਾਲ ਸੰਬੰਧਤ ਗੀਤਾਂ ਵਿਚ ਬਿਸ਼ਨੋਈ ਸਮਾਜ ਵਿਚ ਨੌਜਵਾਨ ਦੀ ਮੌਤ ਸਮੇਂ ਬਹੁਤੇ ਗੀਤ ਨਹੀਂ ਗਾਏ ਜਾਂਦੇ ਸਿਰਫ ਇਕ-ਦੋ ਤੁਕੀਆਂ ਸਤਰ ਹੀ ਉਚਾਰੀਆਂ ਜਾਂਦੀਆਂ ਹਨ। *"ਇਸ ਸਮੇਂ ਗਾਏ ਜਾਣ ਵਾਲੇ ਗੀਤਾਂ ਨੂੰ 'ਮੂੰਹ ਢਕਣਾ' ਕਹਿੰਦੇ ਹਨ। ਦੂਸਰੀ ਪਕਾਰ ਦੇ ਗੀਤ 'ਹਰਜਸ' ਹਨ ਜੋ ਬਜ਼ੁਰਗ ਮਰਦ ਇਸਤਰੀ ਸਮੇਂ ਗਾਏ ਜਾਂਦੇ ਹਨ।"*[30]

ਇਹ ਸਮਾਂ ਬੜਾ ਕਰੁਣਾਮਈ ਹੁੰਦਾ ਹੈ ਤੇ ਇਸ ਸਭ ਨੂੰ ਰੱਬ ਦਾ ਭਾਣਾ ਮੰਨ ਕੇ ਮਨਜ਼ੂਰ ਕੀਤਾ ਜਾਂਦਾ ਹੈ।

ਮੌਤ ਨੂੰ ਪ੍ਰਮਾਤਮਾ ਵਲੋਂ ਆਈ ਹੋਣ ਕਰਕੇ ਬਹੁਤੀਆਂ ਸੁਤਰਾਂ ਪਿੱਛੇ "ਆਇਉ ਹਲਕਾਰੋ ਸ੍ਰੀ ਭਗਵਾਨ ਰੋ" ਉਚਾਰਿਆ ਜਾਂਦਾ ਹੈ।ਇਸ ਪ੍ਰਕਾਰ *"ਉਸਦੇ ਪਰਿਵਾਰ ਵਾਲੇ ਚਾਹੁਦੇ ਹਨ ਕਿ ਮ੍ਰਿਤਕ ਨੂੰ ਪ੍ਰਮਾਤਮਾਂ ਵਲੋਂ ਸਵਰਗ ਦੀ ਪ੍ਰਾਪਤੀ ਹੋਵੇ ਤੇ ਉਹ ਇਹ ਭਾਵ ਕਰੁਣਾਮਈ ਰੂਪ ਵਿਚ ਇੰਜ ਪੇਸ਼ ਕਰਦੇ ਹਨ।"*[31]

ਕਠੋੜੇ ਸੂ ਆਈ ਬਡੇਰੋ ਥਾਰੀ ਪਾਲਕੀ

ਕਠੋੜੇ ਸੂ ਆਇਉ ਰੇ ਬਿਵਾਣ

ਆਇਉ ਹਲਕਾਰੋ ਸ੍ਰੀ ਭਗਵਾਨ ਰੋ।

ਸੁਰਗਾ ਸੋ ਆਈ ਬਡੇਰੋ ਪਾਲਕੀ

ਹਰ ਦੁਰਗਾ ਸੁ ਆਇਉ ਰੇ ਬਿਵਾਣ

ਆਇਉ ਹਲਕਾਰੋ ਸ੍ਰੀ ਭਗਵਾਨ ਰੇ।

ਇਸ ਗੀਤ ਰਾਹੀ ਇਹ ਪ੍ਰਗਟਾਇਆ ਗਿਆ ਹੈ ਕਿ ਮ੍ਰਿਤਕ ਲਈ ਪਾਲਕੀ ਤੇ ਵਿਮਾਨ ਕਿਥੋਂ ਆਇਆ ਹੈ ? ਜੁਆਬ ਵਿਚ ਇਹ ਉਚਾਰਿਆ ਜਾਂਦਾ ਹੈ ਕਿ ਇਹ ਪਾਲਕੀ ਸਵਰਗ ਤੋਂ ਆਈ ਹੈ। ਵਿਮਾਨ ਪ੍ਰਮਾਤਮਾ ਨੇ ਭੇਜਿਆ ਹੈ। *"ਇਸ ਤਰ੍ਹਾਂ ਪੋਤੇ-ਪੋਤਰਿਆਂ ਵਾਲੇ ਘਰ ਵਿਚ ਮੌਤ ਸੁਖਦ ਮੰਨੀ ਜਾਂਦੀ ਹੈ।"*[32]

ਬੇਟਾ-ਪੋਤਰਾ ਥਾਰੈ ਮੋਕਲਾ

ਥਾਣੈ ਰਲਮਲ ਮੰਜਿਲ ਪੋਚਾਏ

ਆਇਓ ਹਲਕਾਰੋ ਸ੍ਰੀ ਭਗਵਾਨ ਰੇ

ਮ੍ਰਿਤਕ ਨੂੰ ਇਸ ਗੀਤ ਰਾਹੀਂ ਕਿਹਾ ਜਾਂਦਾ ਹੈ ਕਿ ਉਸਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਕਿਉਂਕਿ ਉਸਦੇ ਪੁੱਤ ਪੋਤਿਆਂ ਦੀ ਗਿਣਤੀ ਕਾਫੀ ਹੈ। ਉਹ ਸਾਰੇ ਨੌਜਵਾਨ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਸ਼ਨੋਈ ਬਜ਼ੁਰਗ ਕਾਫ਼ੀ ਉਮਰ ਭੋਗ ਕੇ ਜਾਂਦੇ ਹਨ, ਸ਼ੁੱਧ ਸਾਕਾਹਾਰੀ ਹੋਣ ਕਰਕੇ ਅਬੋਹਰ ਤਹਿਸੀਲ ਵਿਚ ਅਨੇਕਾਂ ਬਿਸ਼ਨੋਈ ਬਜ਼ੁਰਗ ਸੌ ਸਾਲ ਦੇ ਕਰੀਬ ਦੇਖੇ ਜਾ ਸਕਦੇ ਹਨ।

ਸੰਖੇਪ ਚ ਕਿਹਾ ਜਾ ਸਕਦਾ ਹੈ ਕਿ ਬਿਸ਼ਨੋਈ ਸਮਾਜ ਦੇ ਲੋਕ ਪ੍ਰਕਿਤੀ ਪ੍ਰੇਮੀ ਹੋਣ ਕਰਕੇ ਜਾਣੇ ਜਾਂਦੇ ਹਨ। ਅਬੋਹਰ ਵਿਚ ਜੀਵਾਂ ਦੀ ਰੱਖਿਆ ਲਈ ਬਣੀ ਖੁੱਲੀ ਸੈਂਚੂਰੀ ਬਿਸ਼ਨੋਈ ਸਮਾਜ ਦੀ ਹੀ ਦੇਣ ਹੈ। ਇਸ ਏਸੀਆ ਦੀ ਅਜਿਹੀ ਸੈਂਚੂਰੀ ਹੈ ਜੋ ਬਿਨਾਂ

ਕਿਸੇ ਤਾਰ ਦੇ (ਵਲਗਣ) ਬਿਸ਼ਨੋਈ ਲੋਕਾ ਸਹਾਰੇ ਚੱਲਦੀ ਹੈ। ਜੀਵਾਂ ਦੀ ਰੱਖਿਆ ਦੇ ਮਾਮਲੇ ਵਿਚ ਇਹ ਲੋਕ ਪ੍ਰਸਾਸਨ ਨਾਲੋ ਅੱਗੇ ਰਹਿੰਦੇ ਹਨ। ਔਰਤਾ ਜੀਵਾਂ ਨੂੰ ਆਪਣੇ ਥਣਾ ਦਾ ਦੁੱਧ ਵੀ ਪਿਆ ਦਿੰਦੀਆਂ ਹਨ। 29 ਨਿਯਮਾਂ ਵਿਚ ਪ੍ਰਕ੍ਰਿਤੀ ਸੰਬੰਧੀ ਵਿਸ਼ੇਸ਼ ਨਿਯਮ ਹਨ। ਪਹਿਰਾਵੇ, ਬੋਲੀ, ਰਹਿਣ-ਸਹਿਣ ਤੇ ਰਸਮਾਂ-ਰਿਵਾਜ ਆਦਿ ਪੱਖੋਂ ਇਹਨਾਂ ਦੀ ਪਛਾਣ ਨਿਵੇਕਲੀ ਹੈ। ਸਮੁੱਚੇ ਪੰਜਾਬ ਵਿਚ ਇਹ ਮਾਲਵੇ ਖਿੱਤੇ ਵਿਚ ਹੀ ਵੱਸੇ ਹੋਏ ਹਨ।

## ਹਵਾਲੇ ਤੇ ਟਿੱਪਣੀਆਂ

1. ਡਾ. ਕ੍ਰਿਸ਼ਨ ਲਾਲ ਬਿਸ਼ਨੋਈ, *ਗੁਰੂ ਜਾਭੋ ਜੀ ਐਂਵ ਬਿਸ਼ਨੋਈ ਪੰਥ ਕਾ ਇਤਿਹਾਸ*, ਪੰਨਾ 19
2. *ਅਜੀਤ*, 16 ਮਈ, 1997 (ਸੁਕਰਵਾਰ)
3. ਡਾ. ਕ੍ਰਿਸ਼ਨ ਲਾਲ ਬਿਸ਼ਨੋਈ, *ਗੁਰੂ ਜਾਭੋ ਜੀ ਐਂਵ ਬਿਸ਼ਨੋਈ ਪੰਥ ਕਾ ਇਤਿਹਾਸ*, ਪੰਨਾ 27
4. Bhup Singh Bishnoi, *A Study of Bishnoi Community in Mehrana Village, Ferozepure (Punjab)*, Unpublished Thesis of Udaipur University, page 63
5. *An Introductory profile*, Jhamku Devi Sr. Secondary School, Dhora Mehrajpur,
6. Bhup Singh Bishnoi, *A Study of Bishnoi Community in Mehrana Village, Ferozepure (Punjab)*, Unpublished Thesis of Udaipur University, page 26
7. ਡਾ. ਕਰਨੈਲ ਸਿੰਘ ਥਿੰਦ, *ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ*, ਪੰਨਾ 183
8. ਉਹੀ, ਪੰਨਾ 181
9. ਗਿਆਨੀ ਗੁਰਦਿੱਤ ਸਿੰਘ, *ਮੇਰਾ ਪਿੰਡ*, ਪੰਨਾ 246
10. ਜੋਗਿੰਦਰ ਸਿੰਘ ਕੈਰੋਂ, *ਪੰਜਾਬੀ ਸਾਹਿਤ ਦਾ ਲੋਕਧਾਰਾਈ ਪਿਛੋਕੜ*, ਪੰਨਾ 181

    ਪੰਨਾ 42
11. ਡਾ. ਬਨਵਾਰੀ ਲਾਲ ਸਾਹੂ, *ਬਿਸ਼ਨੋਈ ਲੋਕ-ਗੀਤ ਏਕ ਸਾਂਸਕ੍ਰਿਤਕ ਮੁਲਾਂਕਣ*, ਪੰਨਾ 24
12. Bhup Singh Bishnoi, *A Study of Bishnoi Community in Mehrana Village, Ferozepure (Punjab)*, Unpublished Thesis of Udaipur University, page 37
13. ਗੁਲਜ਼ਾਰ ਸਿੰਘ ਸੰਧੂ, *ਪੰਜਾਬ ਦੇ ਰਸਮਾ-ਰਿਵਾਜ (ਲਾਜ਼ਮੀ ਪੰਜਾਬੀ ਬਾਰ੍ਹਵੀ ਸ਼੍ਰੇਣੀ ਲਈ)*,

    ਪੰਨਾ 41

14. Bhup Singh Bishnoi, *A Study of Bishnoi Community in Mehrana Village, Ferozepure (Punjab)*, Unpublished Thesis of Udaipur University, page 39

15. ਗਿਆਨੀ ਗੁਰਦਿਤ ਸਿੰਘ, *ਮੇਰਾ ਪਿੰਡ*, ਪੰਨਾ 246

16. ਰਾਜੀਵ ਗੋਦਾਰਾ (ਸੰਪਾ.), *ਬਿਸ਼ਨੋਈ ਦੂਰਭਾਸ ਨਿਰਦੇਸਕਾ (ਪੰਜਾਬ ਪ੍ਰਦੇਸ਼)*, ਪੰਨਾ 50

17. ਗਿਆਨੀ ਗੁਰਦਿੱਤ ਸਿੰਘ, *ਮੇਰਾ ਪਿੰਡ*, ਪੰਨਾ 326

18. ਵਣਜਾਰਾ ਬੇਦੀ, *ਲੋਕ ਧਰਮ*, ਪੰਨਾ 123

19. ਗੁਲਜਾਰ ਸਿੰਘ ਸੰਧੂ, *ਪੰਜਾਬ ਦੇ ਰਸਮ ਰਿਵਾਜ*, ਪੰਨਾ 45

20. ਉਹੀ, ਪੰਨਾ 45-46

21. ਡਾ. ਸ੍ਰੀ ਕ੍ਰਿਸਨ ਲਾਲ ਬਿਸ਼ਨੋਈ, *ਗੁਰੂ ਜਾਭੋਂ ਜੀ ਐਂਵ ਬਿਸ਼ਨੋਈ ਪੰਥ ਕਾ ਇਤਿਹਾਸ*,

ਪੰਨਾ 129

22. ਸ਼੍ਰੀ ਕ੍ਰਿਸ਼ਨ ਬਿਸ਼ਨੋਈ, *ਬਿਸ਼ਨੋਈ ਧਰਮ ਸੰਸਕਾਰ*, ਪੰਨਾ 47

23. ਗਿਆਨੀ ਗੁਰਦਿੱਤ ਸਿੰਘ, *ਮੇਰਾ ਪਿੰਡ*, ਪੰਨਾ 472

24. Bhup Singh Bishnoi, *A Study of Bishnoi Community in Mehrana Village, Ferozepure (Punjab)*, Unpublished Thesis of Udaipur University, page 42

25 ਡਾ. ਸ੍ਰੀ ਕ੍ਰਿਸਨ ਲਾਲ ਬਿਸ਼ਨੋਈ, *ਗੁਰੂ ਜਾਭੋਂ ਜੀ ਐਂਵ ਬਿਸ਼ਨੋਈ ਪੰਥ ਕਾ ਇਤਿਹਾਸ*,

ਪੰਨਾ 132

26. ਡਾ. ਬਨਵਾਰੀ ਲਾਲ ਸਹੂ, *ਬਿਸ਼ਨੋਈ ਲੋਕ-ਗੀਤ ਏਕ ਸਾਂਸਕ੍ਰਿਤਕ ਮੁਲਾਂਕਣ*, ਪੰਨਾ 62

ਪੰਨਾ 132

27. ਰਾਜੀਵ ਗੋਦਾਰਾ, *ਬਿਸ਼ਨੋਈ ਦੂਰਭਾਸਾ ਨਿਰਦੇਸ਼ਿਕਾ*, ਪੰਨਾ 56

28. ਹਨੂੰਮਾਨ ਜੀ (ਗਾਇਨਾ ਸਰਦਾਰਪੁਰਾ), ਨਿੱਜੀ ਮੁਲਾਕਾਤ

29 ਵਣਜਾਰਾ ਬੇਦੀ, *ਲੋਕ-ਧਰਮ*, ਪੰਨਾ 73-74

ਪੰਨਾ 133

30. ਡਾ. ਬਨਵਾਰੀ ਲਾਲ ਸਹੂ, *ਬਿਸ਼ਨੋਈ ਲੋਕ-ਗੀਤ ਏਕ ਸਾਂਸਕ੍ਰਿਤਕ ਮੁਲਾਂਕਣ*, ਪੰਨਾ 64

31. ਉਹੀ, ਪੰਨਾ 64

32 ਉਹੀ, ਪੰਨਾ 64